25-MAR-PAGE-1.qxd 3/24/2024 9:44 PM Page 1

ਸੋਮਵਾਰ, 25 ਮਾਰਚ, 2024
12 ਚੇਤ { ਨਾਨਕਸ਼ਾਹੀ 556 / ਬਿਕਰਮੀ 2080
ਜਿਲਦ/VOL. : 72
ਅੰਕ/NO. : 295

ਨਵਾਂ ਜ਼ਮਾਨਾ

DAILY NAWAN ZAMANA • MONDAY, 25 MARCH, 2024 ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 14

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

'ਇੰਡੀਆ' ਦੀ 31 ਨੂੰ ਦਿੱਲੀ 'ਚ ਮਹਾਂਰੈਲੀ

ਨਵੀਂ ਦਿੱਲੀ : ਦੇਸ਼ ਦੇ ਹਿੱਤਾਂ ਤੇ ਜਮਹੂਰੀਅਤ ਦੀ ਰਾਖੀ ਲਈ ਅਪੋਜ਼ੀਸ਼ਨ ਪਾਰਟੀਆਂ ਦਾ ਗੱਠਜੋੜ 'ਇੰਡੀਆ' 31 ਮਾਰਚ ਨੂੰ ਰਾਮਲੀਲ੍ਹਾ ਮੈਦਾਨ ਵਿਚ ਮਹਾਂਰੈਲੀ ਕਰੇਗਾ। ਇਹ ਐਲਾਨ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਕਥਿਤ ਮਨੀ ਲਾਂਡਰਿੰਗ ਮਾਮਲੇ ਵਿਚ ਈ ਡੀ ਵੱਲੋਂ ਗ੍ਰਿਫ਼ਤਾਰ ਕਰਨ ਦੇ ਬਾਅਦ ਕੀਤਾ ਗਿਆ ਹੈ। ਆਮ ਆਦਮੀ ਪਾਰਟੀ ਤੇ ਕਾਂਗਰਸ ਦੇ ਆਗੂਆਂ ਨੇ ਸਾਂਝੀ ਪ੍ਰੈਸ ਕਾਨਫਰੰਸ ਵਿਚ ਕਿਹਾ ਕਿ ਮਹਾਂਰੈਲੀ ਵਿਚ ਇੰਡੀਆ 'ਚ ਸ਼ਾਮਲ ਸਾਰੀਆਂ ਪਾਰਟੀਆਂ ਦੇ ਵੱਡੇ ਆਗੂ ਪੁੱਜਣਗੇ। ਆਮ ਆਦਮੀ ਪਾਰਟੀ ਦੇ ਦਿੱਲੀ ਦੇ ਕਨਵੀਨਰ ਗੋਪਾਲ ਰਾਏ ਨੇ ਕਿਹਾ ਕਿ ਜਮਹੂਰੀਅਤ ਤੇ ਦੇਸ਼ ਖਤਰੇ ਵਿਚ ਹਨ। ਕੇਜਰੀਵਾਲ ਦੀ ਗ੍ਰਿਫਤਾਰੀ ਨੇ ਉਨ੍ਹਾਂ ਲੋਕਾਂ ਵਿਚ ਗੁੱਸਾ ਪੈਦਾ ਕੀਤਾ ਹੈ, ਜਿਹੜੇ ਸੰਵਿਧਾਨ ਦਾ ਸਤਿਕਾਰ ਕਰਦੇ ਹਨ। ਇਹ ਸਿਰਫ ਕੇਜਰੀਵਾਲ ਦੀ ਹੀ ਗੱਲ ਨਹੀਂ, ਸਮੁੱਚੀ ਆਪੋਜ਼ੀਸ਼ਨ ਨੂੰ ਧਮਕਾਇਆ ਜਾ ਰਿਹਾ ਹੈ। ਜਾਂ ਉਹ ਲੋਕਾਂ ਨੂੰ ਖਰੀਦਣ ਲਈ ਧਨ ਦੀ ਵਰਤੋਂ ਕਰਦੇ ਹਨ ਜਾਂ ਈ ਡੀ ਤੇ ਸੀ ਬੀ ਆਈ ਵਰਗੀਆਂ ਏਜੰਸੀਆਂ ਦੀ ਵਰਤੋਂ ਕਰਦੇ ਹਨ। ਜੇ ਕੋਈ ਝੁਕਣ ਤੋਂ ਨਾਂਹ ਕਰਦਾ ਹੈ ਤਾਂ ਉਸ ਨੂੰ ਝੂਠੇ ਕੇਸਾਂ ਵਿਚ ਗ੍ਰਿਫਤਾਰ ਕਰਵਾਇਆ ਜਾਂਦਾ ਹੈ। ਉਨ੍ਹਾ ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਹੇਮੰਤ ਸੋਰੇਨ ਦੀ ਗ੍ਰਿਫ਼ਤਾਰੀ, ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਤੇ ਰਾਜਦ ਆਗੂ ਤੇਜਸਵੀ ਯਾਦਵ ਨੂੰ ਨਿਸ਼ਾਨਾ ਬਣਾਏ ਜਾਣ ਦਾ ਜ਼ਿਕਰ ਕੀਤਾ। ਸੋਰੇਨ ਦਾ ਝਾਰਖੰਡ ਮੁਕਤੀ ਮੋਰਚਾ, ਬੈਨਰਜੀ ਦੇ ਤ੍ਰਿਣਮੂਲ ਕਾਂਗਰਸ ਤੇ ਰਾਜਦ ਇੰਡੀਆ ਦਾ ਹਿੱਸਾ ਹਨ। ਰਾਏ ਨੇ ਅੱਗੇ ਕਿਹਾ—ਇੰਡੀਆ ਦੇ ਆਗੂਆਂ ਨੂੰ ਝੂਠੇ ਕੇਸਾਂ ਵਿਚ ਫਸਾਇਆ ਜਾ ਰਿਹਾ ਹੈ। ਦਿੱਲੀ ਨੂੰ ਛਾਉਣੀ ਬਣਾ ਦਿੱਤਾ ਗਿਆ ਹੈ। ਚੁਣੇ ਹੋਏ ਵਿਧਾਇਕਾਂ ਤੇ ਮੰਤਰੀਆਂ ਨੂੰ ਪ੍ਰੋਟੈੱਸਟ ਕਰਨ 'ਤੇ ਫੜਿਆ ਜਾ ਰਿਹਾ ਹੈ। ਕੇਜਰੀਵਾਲ ਦਾ ਪਰਵਾਰ ਨਜ਼ਰਬੰਦ ਕੀਤਾ ਹੋਇਆ ਹੈ। ਸਾਡੀ ਪਾਰਟੀ ਦਾ ਦਫਤਰ ਸੀਲ ਕਰ ਦਿੱਤਾ ਗਿਆ ਹੈ।

ਸ਼ਨੀਵਾਰ ਸ਼ਹੀਦੀ ਪਾਰਕ ਵਿਚ ਸਾਡੇ ਨਾਲ ਇਸ ਤਰ੍ਹਾਂ ਸਲੂਕ ਕੀਤਾ ਗਿਆ, ਜਿਵੇਂ ਅਸੀਂ ਅਪਰਾਧੀ ਹੋਈਏ। ਕਾਂਗਰਸ ਦੇ ਦਿੱਲੀ ਦੇ ਪ੍ਰਧਾਨ ਅਰਵਿੰਦਰ ਸਿੰਘ ਲਵਲੀ ਨੇ ਕਿਹਾ ਕਿ ਚੋਣਾਂ ਵਿਚ ਆਪੋਜ਼ੀਸ਼ਨ ਪਾਰਟੀਆਂ ਨੂੰ ਦਬਾਇਆ ਜਾ ਰਿਹਾ ਹੈ।

ਕਾਂਗਰਸ ਦੇ ਬੈਂਕ ਖਾਤੇ ਫਰੀਜ਼ ਕਰ ਦਿੱਤੇ ਗਏ ਹਨ ਅਤੇ ਦਿੱਲੀ ਦੇ ਮੁੱਖ ਮੰਤਰੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਉਨ੍ਹਾ ਕਿਹਾ—ਦਿੱਲੀ ਦੀ ਮਹਾਂਰੈਲੀ ਸਿਰਫ ਸਿਆਸੀ ਰੈਲੀ ਨਹੀਂ ਹੋਵੇਗੀ ਸਗੋਂ ਦੇਸ਼ ਦੀ ਜਮਹੂਰੀਅਤ ਨੂੰ ਬਚਾਉਣ ਤੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਖਿਲਾਫ ਆਵਾਜ਼ ਬੁਲੰਦ ਕਰਨ ਦਾ ਸੱਦਾ ਦੇਵੇਗੀ। ਜਮਹੂਰੀਅਤ ਖਤਰੇ ਵਿਚ ਹੈ। ਸਾਡੇ ਆਗੂ ਰਾਹੁਲ ਗਾਂਧੀ ਜਮਹੂਰੀਅਤ ਨੂੰ ਬਚਾਉਣ ਲਈ ਲੜ ਰਹੇ ਹਨ। ਅਸੀਂ ਇੰਡੀਆ ਗੱਠਜੋੜ ਵਿਚ ਸ਼ਾਮਲ ਭਾਈਵਾਲਾਂ ਨਾਲ ਪੂਰੀ ਤਾਕਤ ਨਾਲ ਖੜ੍ਹੇ ਹਾਂ।

ਭਾਜਪਾ ਦੀ ਤਾਨਾਸ਼ਾਹੀ ਦਾ ਜਵਾਬ ਲੋਕ ਦੇਣਗੇ

ਚੰਡੀਗੜ੍ਹ (ਗੁਰਜੀਤ ਬਿੱਲਾ)-ਆਮ ਆਦਮੀ ਪਾਰਟੀ (ਆਪ) ਪੰਜਾਬ ਦੀ ਇੱਕ ਅਹਿਮ ਮੀਟਿੰਗ ਐਤਵਾਰ ਨੂੰ ਚੰਡੀਗੜ੍ਹ ਵਿੱਚ ਸੂਬਾ ਪ੍ਰਧਾਨ ਭਗਵੰਤ ਮਾਨ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ 'ਆਪ' ਪੰਜਾਬ ਦੇ ਸਾਰੇ ਵਿਧਾਇਕ, ਸੂਬਾ ਕਾਰਜਕਾਰੀ ਪ੍ਰਧਾਨ ਪ੍ਰਿੰਸੀਪਲ ਬੁੱਧ ਰਾਮ, ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਅਤੇ ਡਿਪਟੀ ਸਪੀਕਰ ਜੈ ਕਿਸ਼ਨ ਸਿੰਘ ਵੀ ਹਾਜ਼ਰ ਸਨ। ਮੀਟਿੰਗ ਵਿੱਚ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ, ਪਾਰਟੀ ਵੱਲੋਂ ਸੂਬੇ ਅਤੇ ਦਿੱਲੀ ਵਿੱਚ ਵੱਖ-ਵੱਖ ਵਿਰੋਧ ਪ੍ਰਦਰਸ਼ਨ, ਆਗਾਮੀ ਲੋਕ ਸਭਾ ਚੋਣਾਂ ਅਤੇ ਚੋਣ ਜ਼ਾਬਤਾ ਲਾਗੂ ਹੋਣ ਤੋਂ ਬਾਅਦ ਵੀ ਭਾਜਪਾ ਦੀਆਂ ਤਾਨਾਸ਼ਾਹੀ ਕਾਰਵਾਈਆਂ ਵਰਗੇ ਕਈ ਏਜੰਡੇ ਸ਼ਾਮਲ ਸਨ। ਮੀਟਿੰਗ ਤੋਂ ਬਾਅਦ ਮਾਨ ਨੇ ਕਿਹਾ ਕਿ 'ਆਪ' ਪੰਜਾਬ ਇਕਾਈ ਦਾ ਹਰ ਵਿਅਕਤੀ ਅਰਵਿੰਦ ਕੇਜਰੀਵਾਲ ਨਾਲ ਚਟਾਨ ਵਾਂਗ ਖੜ੍ਹਾ ਹੈ। ਅਸੀਂ ਮੋਦੀ ਸਰਕਾਰ ਦੀ ਇਸ ਤਾਨਾਸ਼ਾਹੀ ਅਤੇ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਦਾ ਪੂਰੀ ਤਾਕਤ ਨਾਲ ਵਿਰੋਧ ਕਰਾਂਗੇ। ਮਾਨ ਨੇ ਕਿਹਾ ਕਿ ਜਨਤਾ ਭਾਰਤੀ ਜਨਤਾ ਪਾਰਟੀ ਨੂੰ ਮੂੰਹ ਤੋੜਵਾਂ ਜਵਾਬ ਦੇਵੇਗੀ। ਲੋਕ ਇਸ ਤਾਨਾਸ਼ਾਹੀ ਨੂੰ ਖਤਮ ਕਰਨ ਲਈ ਆਪਣੀ ਵੋਟ ਦਾ ਇਸਤੇਮਾਲ ਕਰਨਗੇ। 31 ਮਾਰਚ ਦੀ ਮਹਾਂ ਰੈਲੀ ਵੀ ਇਸ ਮੀਟਿੰਗ ਦਾ ਏਜੰਡਾ ਸੀ। ਮਾਨ ਨੇ ਕਿਹਾ ਕਿ ਸਾਡੇ ਦੇਸ਼ ਦੇ ਲੋਕਤੰਤਰ ਨੂੰ ਬਚਾਉਣ ਲਈ ਸਾਰੀਆਂ ਪਾਰਟੀਆਂ ਅਤੇ ਭਾਰਤ ਗਠਜੋੜ ਦੇ ਆਗੂ ਰਾਮਲੀਲ੍ਹਾ ਮੈਦਾਨ ਵਿੱਚ ਇਕੱਠੇ ਹੋ ਰਹੇ ਹਨ। ਭਾਜਪਾ ਦੀ ਤਾਨਾਸ਼ਾਹੀ ਦੀ ਕੋਈ ਸੀਮਾ ਨਹੀਂ ਹੈ ਕਿਉਂਕਿ ਵਿਰੋਧੀ ਨੇਤਾਵਾਂ ਨੂੰ ਜੇਲ੍ਹਾਂ ਵਿੱਚ ਡੱਕਿਆ ਜਾ ਰਿਹਾ ਹੈ ਅਤੇ ਮੌਜੂਦਾ ਮੁੱਖ ਮੰਤਰੀ ਨੂੰ ਬਿਨਾਂ ਕਿਸੇ ਸਬੂਤ ਦੇ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ।

ਕੇਜਰੀਵਾਲ ਦਾ ਜੇਲ੍ਹ ਤੋਂ ਆਪਣੀ ਮੰਤਰੀ ਨੂੰ ਪਹਿਲਾ ਹੁਕਮ

ਨਵੀਂ ਦਿੱਲੀ : ਦਿੱਲੀ ਆਬਕਾਰੀ ਨੀਤੀ ਨਾਲ ਜੁੜੇ ਮਨੀ ਲਾਂਡਰਿੰਗ ਕੇਸ ਵਿਚ 6 ਦਿਨਾ ਰਿਮਾਂਡ ਤਹਿਤ ਈ ਡੀ ਦੀ ਹਿਰਾਸਤ ਵਿਚ ਬੰਦ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸੰਘੀ ਏਜੰਸੀ ਦੀ ਹਿਰਾਸਤ ਵਿੱਚੋਂ ਆਪਣਾ ਪਹਿਲਾ ਸਰਕਾਰੀ ਹੁਕਮ ਜਾਰੀ ਕਰਦਿਆਂ ਜਲ ਮੰਤਰੀ ਆਤਿਸ਼ੀ ਨੂੰ ਦਿੱਲੀ ਦੇ ਕੁਝ ਇਲਾਕਿਆਂ ਵਿਚ ਪਾਣੀ ਤੇ ਸੀਵਰੇਜ ਨਾਲ ਸੰਬੰਧਤ ਸਮੱਸਿਆਵਾਂ ਸੁਲਝਾਉਣ ਲਈ ਕਿਹਾ ਹੈ। ਆਤਿਸ਼ੀ ਨੇ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਸ਼ਨਿੱਚਰਵਾਰ ਰਾਤ ਨੂੰ ਮਿਲੀਆਂ ਹਦਾਇਤਾਂ ਨਾਲ ਉਨ੍ਹਾ ਦੀਆਂ ਅੱਖਾਂ ਵਿਚ ਹੰਝੂ ਆ ਗਏ ਕਿ ਆਪਣੀਆਂ ਦੁੱਖ-ਤਕਲੀਫਾਂ ਦੇ ਬਾਵਜੂਦ ਕੇਜਰੀਵਾਲ ਅਜੇ ਵੀ ਲੋਕਾਂ ਲਈ ਫਿਕਰਮੰਦ ਹਨ। ਕੇਜਰੀਵਾਲ ਦੀ ਗ੍ਰਿਫਤਾਰੀ ਮਗਰੋਂ 'ਆਪ' ਨੇ ਕਿਹਾ ਸੀ ਕਿ ਮੁੱਖ ਮੰਤਰੀ ਜੇਲ੍ਹ ਤੋਂ ਹੀ ਸਰਕਾਰ ਚਲਾਉਣਗੇ। ਚੇਤੇ ਰਹੇ ਕਿ ਕੇਜਰੀਵਾਲ ਪਹਿਲੇ ਸਿਟਿੰਗ ਮੁੱਖ ਮੰਤਰੀ ਹਨ, ਜਿਨ੍ਹਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਸਾਬਕਾ ਏਅਰ ਫੋਰਸ ਚੀਫ ਭਦੌਰੀਆ ਭਾਜਪਾ 'ਚ

ਨਵੀਂ ਦਿੱਲੀ : ਭਾਰਤੀ ਹਵਾਈ ਸੈਨਾ ਦੇ ਸਾਬਕਾ ਮੁਖੀ ਏਅਰ ਚੀਫ ਮਾਰਸ਼ਲ ਆਰ ਕੇ ਐੱਸ ਭਦੌਰੀਆ ਐਤਵਾਰ ਭਾਜਪਾ ਵਿਚ ਸ਼ਾਮਲ ਹੋ ਗਏ। ਭਦੌਰੀਆ ਉੱਤਰ ਪ੍ਰਦੇਸ਼ ਤੋਂ ਹਨ। ਭਾਜਪਾ ਨੇ ਲੋਕ ਸਭਾ ਚੋਣਾਂ ਲਈ ਅਜੇ ਉੱਤਰ ਪ੍ਰਦੇਸ਼ ਦੀਆਂ ਕਈ ਸੀਟਾਂ ਲਈ ਉਮੀਦਵਾਰਾਂ ਦਾ ਐਲਾਨ ਕਰਨਾ ਹੈ।

28 ਪੈਸੇ ਵਾਲਾ ਪੀ ਐੱਮ

ਚੇਨੱਈ : ਤਾਮਿਲਨਾਡੂ ਦੇ ਮੰਤਰੀ ਤੇ ਡੀ ਐੱਮ ਕੇ ਨੇਤਾ ਉਧਯਨਿਧੀ ਸਟਾਲਿਨ ਨੇ ਫੰਡਾਂ ਦੀ ਵੰਡ ਨੂੰ ਲੈ ਕੇ ਕੇਂਦਰ ਸਰਕਾਰ 'ਤੇ ਦੋਸ਼ ਲਗਾਇਆ ਕਿ ਰਾਜ ਵੱਲੋਂ ਟੈਕਸ ਵਜੋਂ ਅਦਾ ਕੀਤੇ ਹਰ ਰੁਪਏ ਲਈ ਕੇਂਦਰ ਨੇ ਸਿਰਫ 28 ਪੈਸੇ ਦਾ ਭੁਗਤਾਨ ਕੀਤਾ, ਜਦੋਂ ਕਿ ਭਾਜਪਾ ਸ਼ਾਸਤ ਰਾਜਾਂ ਨੂੰ ਜ਼ਿਆਦਾ ਪੈਸਾ ਮਿਲਦਾ ਹੈ। ਰਾਮਨਾਥਪੁਰਮ ਤੇ ਥੇਨੀ 'ਚ ਚੋਣ ਰੈਲੀਆਂ ਨੂੰ ਸੰਬੋਧਨ ਕਰਦੇ ਹੋਏ ਮੁੱਖ ਮੰਤਰੀ ਐੱਮ ਕੇ ਸਟਾਲਿਨ ਦੇ ਪੁੱਤਰ ਉਧਯਨਿਧੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਾਰੇ ਕਿਹਾ-ਹੁਣ ਸਾਨੂੰ ਪ੍ਰਧਾਨ ਮੰਤਰੀ ਨੂੰ 28 ਪੈਸੇ ਵਾਲਾ ਪੀ ਐੱਮ ਕਹਿਣਾ ਚਾਹੀਦਾ ਹੈ।

ਲੋਕਾਂ ਦੇ ਘਰ ਤਬਾਹ ਕਰਨ ਵਾਲਿਆਂ ਨੂੰ ਬਖਸ਼ਾਂਗੇ ਨਹੀਂ : ਮਾਨ

ਚੰਡੀਗੜ੍ਹ (ਗੁਰਜੀਤ ਬਿੱਲਾ)-ਸੰਗਰੂਰ 'ਚ ਜ਼ਹਿਰੀਲੀ ਸ਼ਰਾਬ ਕਾਰਨ ਮਰਨ ਵਾਲਿਆਂ ਦੇ ਪਰਵਾਰਾਂ ਨਾਲ ਐਤਵਾਰ ਨੂੰ ਮੁੱਖ ਮੰਤਰੀ ਭਗਵੰਤ ਮਾਨ ਨੇ ਮੁਲਾਕਾਤ ਕੀਤੀ ਅਤੇ ਪੀੜਤ ਪਰਵਾਰਾਂ ਨਾਲ ਦੁੱਖ ਸਾਂਝਾ ਕੀਤਾ। ਮਾਨ ਨੇ ਕਿਹਾ ਕਿ ਏ ਡੀ ਜੀ ਪੀ ਦੀ ਅਗਵਾਈ ਵਿੱਚ ਬਣਾਈ ਗਈ ਐਸ ਆਈ ਟੀ ਮਾਮਲੇ ਦੀ ਜਾਂਚ ਕਰ ਰਹੀ ਹੈ। ਕੁਝ ਲੋਕਾਂ ਨੂੰ ਗ੍ਰਿਫਤਾਰ ਵੀ ਕੀਤਾ ਗਿਆ ਹੈ ਅਤੇ ਧਾਰਾ 302 ਤਹਿਤ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾ ਕਿਹਾ ਕਿ ਇਸ ਘਟਨਾ ਵਿੱਚ ਸ਼ਾਮਲ ਸਾਰੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਅਸੀਂ ਦੇਖ ਰਹੇ ਹਾਂ ਕਿ ਪੰਜਾਬ ਵਿੱਚ ਹੋਰ ਕਿੱਥੇ ਉਨ੍ਹਾਂ ਦੇ ਸੰਬੰਧ ਸਨ। ਜੇਕਰ ਇਨ੍ਹਾਂ ਦਾ ਕੋਈ ਗਰੋਹ ਜ਼ਹਿਰੀਲੀ ਸ਼ਰਾਬ ਵੇਚਦਾ ਹੈ ਤਾਂ ਉਸ ਨੂੰ ਵੀ ਫੜਿਆ ਜਾਵੇਗਾ। ਸਾਰਿਆਂ ਨੂੰ ਫੜ ਕੇ ਧਾਰਾ 302 ਤਹਿਤ ● ਬਾਕੀ ਸਫ਼ਾ 2 'ਤੇ

ਜ਼ਹਿਰੀਲੀ ਸ਼ਰਾਬ ਨਾਲ ਮਰਨ ਵਾਲਿਆਂ ਦਾ ਅੰਤਮ ਸੰਸਕਾਰ

ਸੰਗਰੂਰ : ਜ਼ਿਲ੍ਹਾ ਸੰਗਰੂਰ ਦੇ ਪਿੰਡ ਗੁੱਜਰਾਂ, ਢੰਡੋਲੀ, ਟਿੱਬੀ ਰਵਿਦਾਸਪੁਰਾ 'ਚ ਜ਼ਹਿਰੀਲੀ ਸ਼ਰਾਬ ਨਾਲ ਜਾਨ ਗੁਆਉਣ ਵਾਲੇ ਮ੍ਰਿਤਕਾਂ ਦੇ ਪੀੜਤ ਪਰਵਾਰਾਂ ਨੂੰ ਇਨਸਾਫ ਦਿਵਾਉਣ ਅਤੇ ਮਾਮਲੇ ਦੀ ਉੱਚ ਪੱਧਰੀ ਜਾਂਚ ਕਰਵਾ ਕੇ ਮੁਲਜ਼ਮਾਂ ਵਿਰੁੱਧ ਬਣਦੀ ਕਾਰਵਾਈ ਕਰਾਉਣ ਲਈ ਜਨਤਕ ਜਥੇਬੰਦੀਆਂ ਵੱਲੋਂ ਡੀ ਸੀ ਦਫਤਰ ਅੱਗੇ ਲਗਾਇਆ ਪੱਕਾ ਮੋਰਚਾ ਜ਼ਿਲ੍ਹਾ ਪ੍ਰਸ਼ਾਸਨ ਨਾਲ ਮੰਗਾਂ 'ਤੇ ਸਹਿਮਤੀ ਬਣਨ ਮਗਰੋਂ ਐਤਵਾਰ ਸਮਾਪਤ ਹੋ ਗਿਆ। ਇਸ ਮਗਰੋਂ ਸਿਵਲ ਹਸਪਤਾਲ ਸੰਗਰੂਰ ਅਤੇ ਸੁਨਾਮ ਵਿਚ 13 ਮ੍ਰਿਤਕ ਦੇਹਾਂ ਦਾ ਪੋਸਟ ਮਾਰਟਮ ਕਰਵਾਉਣ ਤੋਂ ਬਾਅਦ ਉਨ੍ਹਾਂ ਦੇ ਪਿੰਡਾਂ 'ਚ ਸਸਕਾਰ ਕਰ ਦਿੱਤਾ ਗਿਆ। ਇਸ ਮੌਕੇ ਏ ਡੀ ਜੀ ਪੀ (ਲਾਅ ਐਂਡ ਆਰਡਰ) ਗੁਰਿੰਦਰ ਸਿੰਘ ਢਿੱਲੋਂ, ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਅਤੇ ਐੱਸ ਐੱਸ ਪੀ ਸਰਤਾਜ ਸਿੰਘ ਚਹਿਲ ਆਦਿ ਮੌਜੂਦ ਸਨ। ਪਿੰਡ ਗੁੱਜਰਾਂ 'ਚ ਸੱਤ, ਢੰਡੋਲੀ 'ਚ ਦੋ, ਟਿੱਬੀ ਰਵਿਦਾਸਪੁਰਾ 'ਚ ਦੋ, ਉਪਲੀ ਵਿਚ ਇਕ ਮ੍ਰਿਤਕ ਦਾ ਸਸਕਾਰ ਕੀਤਾ ਗਿਆ। ਇਸ ਤੋਂ ਇਲਾਵਾ ਪਿੰਡ ਗੁੱਜਰਾਂ ਵਿਚ ਰਿਸ਼ਤੇਦਾਰੀ ਵਿਚ ਆਏ ਇਕ ਵਿਅਕਤੀ ਦੀ ਵੀ ਜ਼ਹਿਰੀਲੀ ਸ਼ਰਾਬ ਪੀਣ ਨਾਲ ਮੌਤ ਹੋ ਗਈ ਸੀ, ਉਸ ਦਾ ਸਸਕਾਰ ਸਮਾਣਾ ਨੇੜਲੇ ਪਿੰਡ ਵਿਚ ਕੀਤਾ ਗਿਆ।

ਐਕਸ਼ਨ ਕਮੇਟੀ ਦੇ ਆਗੂਆਂ ਨੇ ਦੱਸਿਆ ਕਿ ਆਬਕਾਰੀ ਤੇ ਕਰ ਨਿਰੀਖਕ ਸੁਨਾਮ ਨੂੰ ਨੌਕਰੀ ਤੋਂ ਮੁਅੱਤਲ ਕਰ ਦਿੱਤਾ ਗਿਆ ਹੈ, ਪੁਲਸ ਥਾਣਾ ● ਬਾਕੀ ਸਫ਼ਾ 2 'ਤੇ

ਕੌਮਾਂਤਰੀ ਨਸ਼ਾ ਤਸਕਰੀ ਸਿੰਡੀਕੇਟ ਤੇ ਅੰਤਰਰਾਜੀ ਹਥਿਆਰ ਤਸਕਰੀ ਦਾ ਸੰਗਠਤ ਨੈੱਟਵਰਕ ਤੋੜਿਆ

ਜਲੰਧਰ (ਸ਼ੈਲੀ ਐਲਬਰਟ)

ਅੰਤਰਰਾਸ਼ਟਰੀ ਨਸ਼ਾ ਤਸਕਰੀ ਸਿੰਡੀਕੇਟ ਅਤੇ ਅੰਤਰਰਾਜੀ ਹਥਿਆਰ ਤਸਕਰੀ ਦੇ ਰੈਕੇਟ ਦੇ ਸੰਗਠਤ ਨੈੱਟਵਰਕ ਦੀ ਰੀੜ੍ਹ ਦੀ ਹੱਡੀ ਨੂੰ ਤੋੜਦਿਆਂ ਪੁਲਸ ਕਮਿਸ਼ਨਰ ਸਵਪਨ ਸ਼ਰਮਾ ਦੀ ਅਗਵਾਈ ਹੇਠ ਜਲੰਧਰ ਕਮਿਸ਼ਨਰੇਟ ਪੁਲਸ ਨੇ 5 ਅਪਰਾਧੀਆਂ ਨੂੰ ਗ੍ਰਿਫਤਾਰ ਕੀਤਾ ਹੈ ਅਤੇ ਦੋਵਾਂ ਮਾਮਲਿਆਂ ਵਿਚ ਵੱਡੀ ਮਾਤਰਾ ਵਿੱਚ ਨਸ਼ੀਲੇ ਪਦਾਰਥਾਂ ਅਤੇ ਹਥਿਆਰਾਂ ਦੀ ਬਰਾਮਦਗੀ ਕੀਤੀ ਹੈ।

ਪੁਲਸ ਕਮਿਸ਼ਨਰ ਨੇ ਦੱਸਿਆ ਕਿ ਗੁਰਪ੍ਰੀਤ ਸਿੰਘ ਉਰਫ ਲਾਡਾ ਨੂੰ ਪੁਲਸ ਨੇ 10 ਮਾਰਚ ਨੂੰ ਇੱਕ ਗੈਰ-ਕਾਨੂੰਨੀ ਪਿਸਤੌਲ ਅਤੇ ਦੋ ਕਾਰਤੂਸਾਂ ਸਮੇਤ ਗ੍ਰਿਫਤਾਰ ਕੀਤਾ ਸੀ ਅਤੇ ਜਾਂਚ ਦੌਰਾਨ ਇਹ ਸਾਹਮਣੇ ਆਇਆ ਕਿ ਉਹ ਫਰਵਰੀ ਮਹੀਨੇ ਵਿਚ ਪੁਲਸ ਦੁਆਰਾ ਕਾਬੂ ਕੀਤੇ ਅੰਤਰਰਾਜੀ ਹਥਿਆਰਾਂ ਦੀ ਤਸਕਰੀ ਦੇ ਕਾਰਟੇਲ ਦਾ ਹਿੱਸਾ ਸੀ। ਅਗਲੇਰੀ ਤਫਤੀਸ਼ ਦੇ ਆਧਾਰ 'ਤੇ ਪੁਲਸ ਨੇ ਅਭਿਸ਼ੇਕ ਉਰਫ ਭੋਲੂ, ਰਮਨਦੀਪ ਸਿੰਘ ਅਤੇ ਜਗਰੂਪ ਸਿੰਘ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਕੋਲੋਂ 7 ਪਿਸਤੌਲ, 12 ਕਾਰਤੂਸ, 11 ਮੈਗਜ਼ੀਨ, ਇਕ ਸਵਿਫਟ ਕਾਰ ਅਤੇ ਇਕ ਮੋਟਰਸਾਈਕਲ ਸਮੇਤ ਭਾਰੀ ਮਾਤਰਾ ਵਿਚ ਹਥਿਆਰ ਬਰਾਮਦ ਕੀਤੇ ਹਨ। ਸਵਪਨ ਸ਼ਰਮਾ ਨੇ ਕਿਹਾ ਕਿ ਇਨ੍ਹਾਂ ਚਾਰਾਂ ਕੋਲੋਂ ਕੁੱਲ ਰਿਕਵਰੀ ਵਿੱਚ ਅੱਠ ਹਥਿਆਰਾਂ ਦੇ ਨਾਲ 12 ਮੈਗਜ਼ੀਨਾਂ ਸ਼ਾਮਲ ਹਨ। ਨਾਲ ਹੀ ਉਨ੍ਹਾਂ ਕਿਹਾ ਕਿ ਗੈਰ-ਕਾਨੂੰਨੀ ਹਥਿਆਰਾਂ ਦੀ ਪ੍ਰਾਪਤੀ ਦੇ ਉਦੇਸ਼ਾਂ ਵਿੱਚ ਨਿੱਜੀ ਬਦਲਾਖੋਰੀ ਅਤੇ ਸੰਗਠਤ ਖਰੀਦ ਯਤਨਾਂ ਦਾ ਮਿਸ਼ਰਣ ਸਾਹਮਣੇ ਆਇਆ ਹੈ।

ਪੁਲਸ ਕਮਿਸ਼ਨਰ ਨੇ ਕਿਹਾ ਕਿ ਗੁਰਪ੍ਰੀਤ ਸਿੰਘ ਨੇ ਲੁਧਿਆਣਾ ਤੋਂ ਹਥਿਆਰਾਂ ਦੀ ਖਰੀਦਦਾਰੀ ਨਿੱਜੀ ਰੰਜ਼ਿਸ਼ ਕਾਰਨ ਕੀਤੀ ਸੀ, ਜਦੋਂ ਕਿ ਅਭਿਸ਼ੇਕ ਮੱਧ ਪ੍ਰਦੇਸ਼ ਦੇ ਟਿਕਾਣਿਆਂ ਤੱਕ ਪਹੁੰਚ ਕਰਨ ਲਈ ਰਮਨਦੀਪ ਸਿੰਘ ਦੀ ਸਹਾਇਤਾ 'ਤ

25-MAR-PAGE-1.qxd 3/24/2024 9:45 PM Page 2

ਸੰਕਲਪ ਸੁਸਾਇਟੀ ਵੱਲੋਂ ਵਿਸ਼ਵ ਤਪਦਿਕ ਦਿਵਸ 'ਤੇ ਪੋਸਟਰ ਮੁਕਾਬਲੇ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਚਾਵਲਾ, ਪਰਮਜੀਤ, ਪੂਜਾ)-ਵਿਸ਼ਵ ਤਪਦਿਕ ਦਿਵਸ ਨੂੰ ਲੈ ਕੇ ਸੰਕਲਪ ਐਜੂਕੇਸ਼ਨਲ ਵੈੱਲਫੇਅਰ ਸੁਸਾਇਟੀ ਵੱਲੋਂ ਸੰਕਲਪ ਕੰਪਿਊਟਰ ਸੈਂਟਰ ਵਿਖੇ ਜਾਗਰੂਕਤਾ ਪੋਸਟਰ ਮੁਕਾਬਲੇ ਕਰਵਾਏ ਗਏ।ਜਾਣਕਾਰੀ ਦਿੰਦਿਆਂ ਸੰਸਥਾ ਦੇ ਸੰਸਥਾਪਕ ਪ੍ਰਧਾਨ ਨਰਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਇਹ ਮੁਕਾਬਲੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਵਿਭਾਗ ਦੇ ਸਹਿਯੋਗ ਨਾਲ ਚਲਾਏ ਜਾ ਰਹੇ ਮੁਫਤ ਕੰਪਿਊਟਰ ਸਿੱਖ ਰਹੇ ਲਾਭਪਾਤਰੀਆਂ ਵਿੱਚ ਹੋਏ।ਸੰਸਥਾ ਦੀ ਚੇਅਰਪਰਸਨ ਕੁਲਵਿੰਦਰ ਕੌਰ ਬਰਾੜ ਨੇ ਦੱਸਿਆ ਕਿ ਇਸ ਮੌਕੇ ਹਾਜ਼ਰ ਵਿਦਿਆਰਥੀਆਂ ਨੂੰ ਟੀ ਬੀ (ਤਪਦਿਕ ਰੋਗ) ਸੰਬੰਧੀ ਜਾਗਰੂਕ ਕੀਤਾ ਗਿਆ।ਜਾਣਕਾਰੀ ਦਿੰਦਿਆਂ ਪ੍ਰਧਾਨ ਨਰਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਜੇਕਰ ਕਿਸੇ ਵਿਅਕਤੀ ਨੂੰ ਲਗਾਤਾਰ ਦੋ ਹਫਤੇ ਖੰਘ, ਹਲਕਾ ਬੁਖਾਰ, ਭੁੱਖ ਘੱਟ ਲੱਗਣਾ, ਭਾਰ ਦਾ ਘਟਣਾ, ਬਲਗਮ ਵਿੱਚ ਖੂਨ ਦਾ ਆਉਣਾ ਤੇ ਬਕਾਵਟ ਰਹਿਣ ਲੱਗੇ ਤਾਂ ਉਸ ਨੂੰ ਬਿਨਾਂ ਦੇਰੀ ਕੀਤੇ ਆਪਣੀ ਬਲਗਮ ਦੀ ਜਾਂਚ ਨੇੜੇ ਦੇ ਸਰਕਾਰੀ ਹਸਪਤਾਲ ਵਿੱਚ ਕਰਵਾ ਲੈਣੀ ਚਾਹੀਦੀ ਹੈ।ਉਨ੍ਹਾਂ ਆਖਿਆ ਕਿ ਪੰਜਾਬ ਵਿੱਚ ਜ਼ਿਆਦਾਤਰ ਫੇਫੜਿਆਂ ਦੇ ਤਪਦਿਕ ਰੋਗੀ ਪਾਏ ਜਾਂਦੇ ਹਨ।ਬਾਂਝਪਣ ਦਾ ਮੁੱਖ ਕਾਰਨ ਤਪਦਿਕ ਰੋਗ ਹੋ ਸਕਦਾ ਹੈ।ਤਪਦਿਕ ਰੋਗ ਦਾ ਇਲਾਜ, ਟੈਸਟ, ਦਵਾਈ ਤੇ ਖੁਰਾਕ ਸਰਕਾਰ ਦੁਆਰਾ ਮੁਫਤ ਮੁਹੱਈਆ ਕਰਵਾਇਆ ਜਾ ਰਿਹਾ ਹੈ।ਇਸ ਵਿਸ਼ੇ ਨੂੰ ਲੈ ਕੇ ਕਰਵਾਏ ਗਏ ਪੋਸਟਰ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਹਰਪ੍ਰੀਤ ਕੌਰ, ਦੂਸਰਾ ਸਥਾਨ ਨਵਦੀਪ ਕੌਰ ਤੇ ਤੀਸਰਾ ਸਥਾਨ ਮਹਿਕਵੀਰ ਕੌਰ ਨੇ ਪ੍ਰਾਪਤ ਕੀਤਾ।ਇਸ ਮੌਕੇ ਸੰਸਥਾ ਦੇ ਪ੍ਰਧਾਨ ਨਰਿੰਦਰ ਸਿੰਘ ਸੰਧੂ, ਸਲਾਹਕਾਰ ਗੁਰਦੇਵ ਕੌਰ, ਮਨਪ੍ਰੀਤ ਸਿੰਘ ਤੇ ਮਨਜੀਤ ਕੌਰ ਆਦਿ ਮੌਜੂਦ ਸਨ।

ਐੱਨ ਆਰ ਆਈ ਢਿੱਲੋਂ ਪਰਵਾਰ ਨੇ ਵਿਦਿਆਰਥੀਆਂ ਨੂੰ ਦਿੱਤੀ ਵਿੱਤੀ ਮਦਦ

ਮੋਗਾ (ਇਕਬਾਲ ਸਿੰਘ ਖਹਿਰਾ)-ਸਰਕਾਰੀ ਪ੍ਰਾਇਮਰੀ ਸਕੂਲ ਬੁੱਟਰ ਮੁੰਡੇ ਵਿਖੇ ਇੱਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਐੱਨ.ਆਰ.ਆਈ. ਗੁਰਦੇਵ ਸਿੰਘ ਢਿੱਲੋਂ ਤੇ ਉਨ੍ਹਾਂ ਦੇ ਧਰਮ ਪਤਨੀ ਨਵਦੀਪ ਕੌਰ ਕੈਨੇਡਾ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਬੁੱਟਰ ਮੁੰਡੇ ਦੇ ਸਾਰੇ ਵਿਦਿਆਰਥੀਆਂ ਨੂੰ ਸਟੇਸ਼ਨਰੀ ਵੰਡੀ ਗਈ। ਇਸ ਸਮਾਗਮ ਦੌਰਾਨ ਸਰਪੰਚ ਦਰਸ਼ਨ ਸਿੰਘ, ਮੈਂਬਰ ਰਾਜਿੰਦਰ ਕੁਮਾਰ, ਚੇਅਰਮੈਨ ਸੰਦੀਪ ਕੌਰ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਮੰਚ ਦਾ ਸੰਚਾਲਨ ਕਰਦਿਆਂ ਲਖਵੀਰ ਸਿੰਘ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਸਕੂਲ ਮੁਖੀ ਅਮਰਦੀਪ ਸਿੰਘ ਨੇ ਦੱਸਿਆ ਕਿ ਸਮੇਂ ਸਮੇਂ 'ਤੇ ਢਿੱਲੋਂ ਪਰਵਾਰ ਜਿਹੇ ਦਾਨੀ ਸੱਜਣਾਂ ਵੱਲੋਂ ਸਰਕਾਰੀ ਸੰਸਥਾਵਾਂ ਦੀ ਸਹਾਇਤਾ ਕੀਤੀ ਜਾਂਦੀ ਹੈ, ਤੋਂ ਇਲਾਵਾ ਪਿੰਡ ਦੀ ਪੰਚਾਇਤ ਤੇ ਪਤਵੰਤੇ ਸੱਜਣਾਂ ਵੱਲੋਂ ਪੂਰਾ ਸਹਿਯੋਗ ਦਿੱਤਾ ਜਾਂਦਾ ਹੈ, ਜਿਸ ਦਾ ਉਹ ਦੇਣ ਨਹੀਂ ਦੇ ਸਕਦੇ। ਦੇਵ ਢਿੱਲੋਂ ਤੇ ਸਰਪੰਚ ਦਰਸ਼ਨ ਸਿੰਘ ਗਿੱਲ ਨੇ ਬੱਚਿਆਂ ਨੂੰ ਸ਼ੁੱਭ-ਕਾਮਨਾਵਾਂ ਦਿੰਦੇ ਹੋਏ ਆਖਿਆ ਕਿ ਉਹ ਹਰ ਸਮੇਂ ਸਕੂਲ ਤੇ ਬੱਚਿਆਂ ਲਈ ਹਾਜ਼ਰ ਹਨ, ਬੱਚੇ ਮਿਹਨਤ ਕਰਨ ਤੇ ਚੰਗੇ ਸ਼ਹਿਰੀ ਬਣਨ। ਇਸ ਸਮੇਂ ਪ੍ਰੀਖਿਆਵਾਂ ਵਿੱਚ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਬੱਚਿਆਂ ਨੂੰ ਇਨਾਮ ਤਕਸੀਮ ਕੀਤੇ ਗਏ। ਸਕੂਲ ਸਟਾਫ ਤੇ ਗ੍ਰਾਮ ਪੰਚਾਇਤ ਬੁੱਟਰ ਪੱਤੀ ਭੁੱਲਰ ਵੱਲੋਂ ਗੁਰਦੇਵ ਸਿੰਘ ਢਿੱਲੋਂ ਤੇ ਨਵਦੀਪ ਕੌਰ ਢਿੱਲੋਂ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਬਲਵਿੰਦਰ ਕੌਰ, ਕੁਲਦੀਪ ਕੌਰ, ਜਸਵੀਰ ਕੌਰ, ਕਮਲਜੀਤ ਕੌਰ ਤੇ ਮਨਜੀਤ ਕੌਰ ਆਦਿ ਹਾਜ਼ਰ ਸਨ।

ਬਾਬਾ ਬੰਦਾ ਸਿੰਘ ਬਹਾਦਰ ਕਾਲਜ 'ਚ ਤਕਨੀਕੀ ਮੇਲਾ ਕਰਾਇਆ

ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ ਵਿਖੇ ਤਕਨੀਕੀ ਮੇਲਾ 'ਟੈਕ ਟਾਈਟਨਜ਼ 24' ਦਾ ਆਯੋਜਨ ਕੀਤਾ ਗਿਆ।ਇਸ ਦੌਰਾਨ ਟੈਕ ਫੈਸਟ ਦੀ ਸ਼ੁਰੂਆਤ ਐਡਵੋਕੇਟ ਸ੍ਰ. ਅਮਰਦੀਪ ਸਿੰਘ ਧਾਰਨੀ ਪ੍ਰਧਾਨ ਬਾਰ ਕੌਂਸਲ ਸ੍ਰੀ ਫਤਿਹਗੜ੍ਹ ਸਾਹਿਬ ਨੇ ਆਪਣੇ ਭਾਸ਼ਣ ਨਾਲ ਕੀਤੀ ਅਤੇ ਕਾਲਜ ਦੇ ਪ੍ਰਿੰਸੀਪਲ ਸਾਹਿਬਾਨ ਤੇ ਸਮੁੱਚੇ ਸਟਾਫ ਦੀ ਸ਼ਲਾਘਾ ਕੀਤੀ ਅਤੇ ਬੱਚਿਆਂ ਨੂੰ ਇਸ ਤਕਨੀਕੀ ਮੇਲੇ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਇਸ ਵਿੱਚ ਭਾਗ ਲੈਣ ਵਾਲੇ ਜੇਤੂ ਵਿਦਿਆਰਥੀਆਂ ਨੂੰ ਇਨਾਮਾਂ ਦੀ ਵੰਡ ਕਾਲਜ ਦੇ ਟਰੱਸਟੀ ਸ੍ਰ. ਜਗਦੀਪ ਸਿੰਘ ਚੀਮਾ, ਕੌਮੀ ਜਨਰਲ ਸਕੱਤਰ ਜਥੇਦਾਰ ਅਵਤਾਰ ਸਿੰਘ ਰਿਆ, ਸਾਬਕਾ ਜਨਰਲ ਮੀਤ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਕੀਤੀ ਗਈ। ਇਸ ਮੌਕੇ ਡਾ. ਲਖਵੀਰ ਸਿੰਘ ਪ੍ਰਿੰਸੀਪਲ ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ ਨੇ ਇਸ ਮੇਲੇ ਦੇ ਕੋਆਰਡੀਨੇਟਰ, ਡਾ. ਮਨਪ੍ਰੀਤ ਕੌਰ ਅਰੋੜਾ ਐਸੋਸੀਏਟ ਪ੍ਰੋਫੈਸਰ, ਮੁਖੀ ਆਰ ਆਈ ਸੀ ਤੇ ਅਲੂਮਨੀ ਸੈੱਲ ਕੋਆਰਡੀਨੇਟਰ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਦਾ ਧੰਨਵਾਦ ਕੀਤਾ। ਇਸ ਵਿੱਚ ਵੱਖ ਵੱਖ ਵਿਭਾਗਾਂ ਦੇ ਬੱਚਿਆਂ ਵੱਲੋਂ ਆਪਣੇ ਪ੍ਰੋਜੈਕਟ ਬਣਾ ਕੇ ਪ੍ਰਦਰਸ਼ਨੀ ਲਗਾਈ ਗਈ ਤੇ ਨਵੀਆਂ ਤਕਨੀਕਾਂ ਤੋਂ ਜਾਣੂ ਕਰਵਾਇਆ। ਇਸ ਦੌਰਾਨ ਵੱਖ ਵੱਖ ਮੁਕਾਬਲੇ ਕਰਵਾਏ ਗਏ।

ਐਗਰੋ ਇਨਪੁੱਟਸ ਡੀਲਰ ਐਸੋਸੀਏਸ਼ਨ ਦੀ ਚੋਣ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਐਗਰੋ ਇਨਪੁੱਟਸ ਡੀਲਰ ਅਸੋਸੀਏਸ਼ਨ ਪਾਤੜਾਂ ਦੀ ਵਿਸ਼ੇਸ਼ ਮੀਟਿੰਗ ਹੋਈ ਜਿਸ ਵਿੱਚ ਕਸਬਾ ਸ਼ੁਤਰਾਣਾ, ਕਸਬਾ ਅਰਨੌਂ ਤੇ ਆਲੇ-ਦੁਆਲੇ ਦੇ ਪਿੰਡਾਂ ਤੋਂ ਵੱਡੀ ਗਿਣਤੀ 'ਚ ਦੁਕਾਨਦਾਰ ਸ਼ਾਮਲ ਹੋਏ। ਮੀਟਿੰਗ ਵਿੱਚ ਐਗਰੋ ਇਨਪੁੱਟ ਡੀਲਰ ਐਸੋਸੀਏਸ਼ਨ ਪਾਤੜਾਂ ਦੀ ਸਲਾਨਾ ਚੋਣ ਕੀਤੀ ਗਈ ਅਤੇ ਕੁਝ ਜ਼ਰੂਰੀ ਮਤੇ ਵੀ ਪਾਸ ਕੀਤੇ ਗਏ। ਸਰਬਸੰਮਤੀ ਨਾਲ ਹੋਈ ਚੋਣ ਵਿੱਚ ਜਸਵਿੰਦਰ ਸਿੰਘ ਲਾਡੀ ਨੂੰ ਨੌਵੀਂ ਵਾਰ ਪ੍ਰਧਾਨ ਚੁਣ ਲਿਆ ਗਿਆ। ਮੀਤ ਪ੍ਰਧਾਨ ਰਾਮਾ ਗੋਇਲ, ਖਜ਼ਾਨਚੀ ਗੁਰਪਿਆਰ ਸਿੰਘ, ਮੈਂਬਰ ਕੁਲਵੰਤ ਸਿੰਘ ਸ਼ੁਤਰਾਣਾ, ਮੈਂਬਰ ਦਲੇਰ ਸਿੰਘ ਜੋਗੇਵਾਲ, ਮੈਂਬਰ ਬਲਕਾਰ ਸ਼ਰਮਾ, ਪ੍ਰਵੀਨ ਕੁਮਾਰ, ਅਮਰੀਕ ਸਿੰਘ, ਪਵਨ ਕੁਮਾਰ, ਰਵੀ ਗਰਗ, ਸੀਤਾ ਰਾਮ ਸਿੰਗਲਾ ਨੂੰ ਕਮੇਟੀ ਮੈਂਬਰ ਚੁਣਿਆ ਗਿਆ। ਪ੍ਰਧਾਨ ਸਮੇਤ ਸਾਰੇ ਮੈਂਬਰਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਵੀ ਕੀਤਾ ਗਿਆ। ਨਵ-ਨਿਯੁਕਤ ਪ੍ਰਧਾਨ ਜਸਵਿੰਦਰ ਸਿੰਘ ਲਾਡੀ ਨੇ ਸਮੂਹ ਦੁਕਾਨਦਾਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਐਸੋਸੀਏਸ਼ਨ ਦਾ ਕੋਈ ਵੀ ਮੈਂਬਰ ਜਾਂ ਡੀਲਰ ਖੇਤੀਬਾੜੀ ਵਿਭਾਗ ਵੱਲੋਂ ਪ੍ਰਮਾਣਿਤ ਖਾਦਾਂ, ਦਵਾਈਆਂ ਦੀ ਪੂਰੀ ਇਮਾਨਦਾਰੀ ਨਾਲ ਵਿਕਰੀ ਕਰੇਗਾ। ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਆਪਣੀਆਂ ਫਸਲਾਂ ਉੱਪਰ ਸਿਰਫ ਲੋੜ ਮੁਤਾਬਕ ਹੀ ਖਾਦਾਂ, ਦਵਾਈਆਂ ਦੀ ਵਰਤੋਂ ਕੀਤੀ ਜਾਵੇ, ਇਸ ਨਾਲ ਜਿੱਥੇ ਕਿਸਾਨਾਂ ਦਾ ਖਰਚਾ ਘਟੇਗਾ ਉੱਥੇ ਹੀ ਆਰਥਿਕ ਮਦਦ ਵੀ ਮਿਲੇਗੀ। ਇਸ ਮੌਕੇ ਅਵਤਾਰ ਸਿੰਘ ਧੰਜੂ ਅਰਨੌਂ, ਗੱਜਣ ਸਿੰਘ ਪਾਤੜਾਂ, ਰਾਜਵਿੰਦਰ ਸਿੰਘ ਰਾਜੂ ਪਾਤੜਾਂ, ਕੁਲਵੰਤ ਸਿੰਘ ਬਿੰਦ ਅਰਨੌਂ, ਸਤਿੰਦਰ ਸਿੰਘ ਮੱਟੂ, ਕਮਲ ਕੁਮਾਰ ਸਮੇਤ ਵੱਡੀ ਗਿਣਤੀ 'ਚ ਡੀਲਰ ਹਾਜ਼ਰ ਸਨ।

ਹਿਮਾਂਸ਼ੂ ਆਈਲਟਸ ਸੈਂਟਰ ਵੱਲੋਂ ਕੈਲੰਡਰ ਰਿਲੀਜ਼

ਬੁਢਲਾਡਾ (ਅਸ਼ੋਕ ਲਾਕੜਾ)-ਸਥਾਨਕ ਆਈਲੈਟਸ ਸੈਂਟਰ ਹਿਮਾਂਸ਼ੂ ਐਜੂਕੇਸ਼ਨ ਹੱਬ ਵਲੋਂ ਆਪਣਾ ਨਵਾਂ ਕੈਲੰਡਰ ਮਹਾਨ ਸਮਾਜ ਸੇਵੀ ਸੰਸਥਾ ਮਾਤਾ ਗੁਜਰੀ ਜੀ ਭਲਾਈ ਕੇਂਦਰ ਬੁਢਲਾਡਾ ਰਾਹੀਂ ਪਿਛਲੇ ਦਿਨੀਂ ਇਕ ਸਮਾਗਮ ਮੌਕੇ ਜਾਰੀ ਕੀਤਾ ਗਿਆ। ਜਾਣਕਾਰੀ ਦਿੰਦੇ ਹੋਏ ਹਿਮਾਂਸ਼ੂ ਅਗਰਵਾਲ ਅਤੇ ਮਾਸਟਰ ਕੁਲਵੰਤ ਸਿੰਘ ਨੇ ਦੱਸਿਆ ਕਿ ਸਥਾਨਕ ਚੌੜੀ ਗਲੀ ਵਿਚ ਮੱਤੀ ਵਾਲਿਆਂ ਦਾ ਆਈਲੈਟਸ ਕੋਚਿੰਗ ਸੈਂਟਰ ਵਿਚ ਅਨੇਕਾਂ ਵਿਦਿਆਰਥੀ ਵਧੀਆ ਬੈਂਡ ਪ੍ਰਾਪਤ ਕਰਕੇ ਵਿਦੇਸ਼ਾਂ ਵਿੱਚ ਸੈੱਟ ਹੋ ਚੁੱਕੇ ਹਨ। ਉਨ੍ਹਾਂ ਵਲੋਂ ਆਪਣਾ ਨਵਾਂ ਕੈਲੰਡਰ ਸਟੇਟ ਐਵਾਰਡੀ ਸਮਾਜ ਸੇਵੀ ਸੰਸਥਾ ਮਾਤਾ ਗੁਜਰੀ ਜੀ ਭਲਾਈ ਕੇਂਦਰ ਰਾਹੀਂ ਇੱਕ ਵਿਸ਼ੇਸ਼ ਸਮਾਗਮ ਕਰਾਕੇ ਭੇਟ ਕੀਤਾ ਗਿਆ ਜੋ ਅਨੇਕਾਂ ਸਮਾਜ ਭਲਾਈ ਕਾਰਜ ਕਰਦੀ ਹੈ। ਕੋਚਿੰਗ ਸੈਂਟਰ ਵਲੋਂ ਸੰਸਥਾ ਰਾਹੀਂ ਭੇਜੇ ਅਨੇਕਾਂ ਲੋੜਵੰਦ ਬੱਚਿਆਂ ਨੂੰ ਫ੍ਰੀ ਕੋਚਿੰਗ ਦੇ ਕੇ ਉਨ੍ਹਾਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕੀਤਾ ਜਾ ਚੁੱਕਾ ਹੈ ਅਤੇ ਸਮੇਂ ਸਮੇਂ ਸੰਸਥਾ ਨੂੰ ਸਹਿਯੋਗ ਦਿੱਤਾ ਜਾਂਦਾ ਹੈ। ਸੰਸਥਾ ਵਲੋਂ ਆਈਲੈਟਸ ਸੈਂਟਰ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਉਪਰੋਕਤ ਤੋਂ ਇਲਾਵਾ ਧਰਮ ਪ੍ਰਚਾਰਕ ਭਾਈ ਭਰਪੂਰ ਸਿੰਘ, ਬਲਵੰਤ ਸਿੰਘ ਭੀਖੀ, ਤਨਜੋਤ ਸਿੰਘ ਸਾਹਨੀ, ਕੁਲਦੀਪ ਸਿੰਘ ਅਨੇਜਾ, ਕੁਲਵਿੰਦਰ ਸਿੰਘ ਈ ਓ, ਜਸਵਿੰਦਰ ਸਿੰਘ ਵਿਰਕ, ਹੰਸਾ ਸਿੰਘ ਸਰਪੰਚ, ਸੁਰਜੀਤ ਸਿੰਘ ਟੀਟਾ, ਬਲਬੀਰ ਸਿੰਘ ਕੈਂਥ, ਚਰਨਜੀਤ ਸਿੰਘ ਝਲਬੂਟੀ, ਪ੍ਰੇਮ ਸਿੰਘ ਦੋਦੜਾ, ਮਿਸਤਰੀ ਮਿੱਠੂ ਸਿੰਘ, ਨਰੇਸ਼ ਕੁਮਾਰ ਬੰਸੀ, ਜਗਮੋਹਨ ਸਿੰਘ ਸਮੇਤ ਅਨੇਕਾਂ ਮੈਂਬਰ ਹਾਜ਼ਰ ਸਨ।

ਨੌਜਵਾਨਾਂ ਨੇ ਮੋਟਰਸਾਈਕਲ ਰੈਲੀ ਕੱਢੀ

ਮੱਖੂ (ਰਛਪਾਲ ਸਿੰਘ ਸੰਧੂ)-ਪੰਜਾਬ ਯੂਥ ਕਲੱਬ ਆਰਗੇਨਾਈਜੇਸ਼ਨ ਬਲਾਕ ਮਖੂ ਦੇ ਪ੍ਰਧਾਨ ਕਾਬਲ ਸਿੰਘ ਲਖਨਪਾਲ, ਸੁਰਜੀਤ ਸਿੰਘ ਮੰਝਵਾਲਾ ਸੀਨੀਅਰ ਮੀਤ ਪ੍ਰਧਾਨ, ਜਸਬੀਰ ਸਿੰਘ ਚੱਕ ਮਰਹਾਣਾ ਸਕੱਤਰ ਦੀ ਅਗਵਾਈ ਹੇਠ ਨੌਜਵਾਨਾਂ ਵੱਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ, ਸੁਖਦੇਵ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਮੋਟਰਸਾਈਕਲ ਰੈਲੀ ਕੱਢੀ ਗਈ। ਇਹ ਮੋਟਰਸਾਈਕਲ ਰੈਲੀ ਗੁਰਦੁਆਰਾ ਸਾਹਿਬ ਬਾਬਾ ਮਸਤ ਕਰਮ ਚੰਦ ਬਾਠਾਂ ਵਾਲਾ ਤੋਂ ਸ਼ੁਰੂ ਹੋ ਕੇ ਸ਼ਹਿਰ ਦੇ ਮੇਨ ਬਜ਼ਾਰ, ਰੇਲਵੇ ਰੋਡ, ਜ਼ੀਰਾ ਵਾਲਾ ਮੋੜ ਤੋਂ ਹੁੰਦੀ ਹੋਈ ਦਾਣਾ ਮੰਡੀ ਵਿਖੇ ਪਹੁੰਚ ਕੇ ਸਮਾਪਤ ਹੋਈ। ਇਸ ਮੌਕੇ ਪ੍ਰਧਾਨ ਕਾਬਲ ਸਿੰਘ ਲਖਨਪਾਲ ਨੇ ਕਿਹਾ ਕਿ ਇਨ੍ਹਾਂ ਸ਼ਹੀਦਾਂ ਦੀਆਂ ਕੁਰਬਾਨੀਆਂ ਕਾਰਨ ਹੀ ਅਸੀਂ ਆਜਜ਼ਾਦੀ ਦਾ ਅਨੰਦ ਮਾਣ ਰਹੇ ਹਾਂ, ਇਨ੍ਹਾਂ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਕਦੇ ਭੁਲਾਇਆ ਜਾ ਸਕਦਾ। ਇਸ ਮੌਕੇ ਜਸਵਿੰਦਰ ਸਿੰਘ ਮੰਝਵਾਲਾ, ਇਕਬਾਲ ਸਿੰਘ ਜੱਗੇ ਵਾਲਾ, ਸੁਰਜੀਤ ਸਿੰਘ ਬਰਨਾਲਾ, ਜਗਦੀਪ ਸਿੰਘ ਅਮੀਵਾਲਾ, ਰਮਦੀਪ ਸਿੰਘ ਰਸੂਲਪੁਰ, ਅਜੀਤ ਸਿੰਘ ਕੁੱਸੂ ਵਾਲਾ, ਹਰਜੀਤ ਸਿੰਘ, ਕੁਲਦੀਪ ਸਿੰਘ ਸੀਹਾਂ ਪਾੜੀ, ਡਾ. ਇੰਦਰਜੀਤ ਸਿੰਘ ਹੱਲਣ, ਜਸਵਿੰਦਰ ਸਿੰਘ ਪੀਰ ਮੁਹੰਮਦ, ਮੰਗਲ ਸਿੰਘ ਚਾਂਬ, ਲਾਡੀ, ਗੁਰਪ੍ਰੀਤ ਸਿੰਘ, ਯੁਗਰਾਜ ਸਿੰਘ ਜੱਲਾ ਚੌਕੀ ਆਦਿ ਹਾਜ਼ਰ ਸਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿਖੇ ਗੁਰਮਤਿ ਸਿੱਖਿਆ ਕੈਂਪ ਸੰਪੰਨ

ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਵਿਖੇ ਤਿੰਨ ਰੋਜ਼ਾ ਗੁਰਮਤ ਸਿੱਖਿਆ ਕੈਂਪ ਦੀ ਸੰਪੂਰਨਤਾ ਹੋਈ। ਸਮਾਗਮ ਦੀ ਪ੍ਰਧਾਨਗੀ ਕਰਦਿਆਂ ਵਾਈਸ ਚਾਂਸਲਰ ਪ੍ਰੋਫੈਸਰ ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਇਸ ਕੈਂਪ ਵਿੱਚ ਪੰਜਾਬ ਤੇ ਹਰਿਆਣੇ ਦੇ ਵੱਖ-ਵੱਖ ਕਾਲਜਾਂ ਤੇ ਯੂਨੀਵਰਸਿਟੀਆਂ ਨਾਲ ਸੰਬੰਧਤ ਸਵਾਸ ਤੋਂ ਵੱਧ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ। ਉਨ੍ਹਾਂ ਆਖਿਆ ਕਿ ਪਿਛਲੀ ਇੱਕ ਸਦੀ ਤੋਂ ਨੌਜਵਾਨਾਂ ਤੇ ਖਾਸ ਕਰ ਵਿਦਿਆਰਥੀਆਂ ਵਿੱਚ ਸਿੱਖੀ ਸਿਧਾਂਤ ਤੇ ਇਤਿਹਾਸ ਪ੍ਰਤੀ ਜਾਗਰੂਕਤਾ ਪੈਦਾ ਕਰਨ ਵਿੱਚ ਗੁਰਮਤਿ ਸਿੱਖਿਆ ਕੈਂਪਾਂ ਦਾ ਵਡਮੁੱਲਾ ਯੋਗਦਾਨ ਰਿਹਾ ਹੈ। ਉਨ੍ਹਾਂ ਨੇ ਕੈਂਪ ਦੌਰਾਨ ਸਟਾਫ ਤੇ ਵਿਦਿਆਰਥੀਆਂ ਵੱਲੋਂ ਵੱਖ-ਵੱਖ ਗਤੀਵਿਧੀਆਂ ਵਿੱਚ ਕੀਤੀ ਭਰਵੀਂ ਸ਼ਮੂਲੀਅਤ ਤੇ ਵਿਖਾਏ ਉਤਸ਼ਾਹ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਦੇ ਉੱਜਲ ਭਵਿੱਖ ਦੀ ਕਾਮਨਾ ਕੀਤੀ। ਸਮਾਗਮ ਵਿੱਚ ਬਤੌਰ ਮਹਿਮਾਨ ਪਹੁੰਚੇ ਸੁਖਮਿੰਦਰ ਸਿੰਘ ਵਿਦਿਆ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਯੂਨੀਵਰਸਿਟੀ ਦੇ ਇਸ ਉਪਰਾਲੇ ਨੂੰ ਸਲਾਹਿਆ ਗਿਆ। ਉਨ੍ਹਾਂ ਵਿਦਿਆਰਥੀਆਂ ਨੂੰ ਆਖਿਆ ਕਿ ਸਮਾਜ ਵਿੱਚ ਫੈਲੀਆਂ ਕੁਰੀਤੀਆਂ ਨੂੰ ਦੂਰ ਕਰਨ ਲਈ ਅਕਾਤਮਕ ਯੋਗਤਾ ਦੇ ਨਾਲ ਨਾਲ ਗੁਰਸਿੱਖੀ ਦੀ ਪ੍ਰੇਰਣਾ ਦਾ ਅਹਿਮ ਮਹੱਤਵ ਹੈ। ਉਨ੍ਹਾਂ ਨੇ ਕੈਂਪ ਦੌਰਾਨ

25-MAR-PAGE-3.qxd 3/24/2024 10:08 PM Page 1

ਭਾਜਪਾ ਸੰਸਦ ਮੈਂਬਰ ਸੰਨੀ ਦਿਓਲ ਦੀ ਕਾਰਗੁਜ਼ਾਰੀ ਤੋਂ ਹਲਕਾ ਗੁਰਦਾਸਪੁਰ ਦੇ ਲੋਕ ਡਾਢੇ ਨਿਰਾਸ਼

ਗੁਰਦਾਸਪੁਰ, (ਦਿਨੇਸ਼ ਕੁਮਾਰ)-ਲੋਕ ਸਭਾ ਹਲਕਾ ਗੁਰਦਾਸਪੁਰ ਦੇ ਲੋਕ ਆਪਣੇ ਭਾਜਪਾ ਸੰਸਦ ਮੈਂਬਰ ਸੰਨੀ ਦਿਓਲ ਤੋਂ ਕਾਫੀ ਨਾਰਾਜ਼ ਹਨ।ਨਾਰਾਜ਼ਗੀ ਦਾ ਕਾਰਨ ਨਾ ਸਿਰਫ਼ ਸੰਸਦ ਮੈਂਬਰ ਸੰਨੀ ਦਿਓਲ ਦਾ ਹਲਕੇ ਵਿੱਚ ਨਾ ਆਉਣਾ ਸਗੋਂ ਹਲਕੇ ਵਿੱਚ ਲੋਕਾਂ ਲਈ ਇੱਕ ਵੀ ਪ੍ਰਾਜੈਕਟ ਨਾ ਲਿਆਉਣਾ ਸੀ। ਦੇਸ਼ ਦੀ ਸੰਸਦ 'ਚ ਲੋਕਾਂ ਨਾਲ ਜੁੜੇ ਮੁੱਦਿਆਂ ਨੂੰ ਪੇਸ਼ ਨਾ ਕਰਨ ਅਤੇ ਇਸ ਦੇ ਨਾਲ ਹੀ ਸੰਸਦ 'ਚ ਜਿਆਦਾਤਰ ਹਾਜ਼ਰ ਹੋਣ 'ਚ ਅਸਫਲ ਰਹਿਣ ਕਾਰਨ ਆਮ ਲੋਕ ਭਾਜਪਾ ਅਤੇ ਖਾਸ ਕਰਕੇ ਸੰਨੀ ਦਿਓਲ ਤੋਂ ਨਾਰਾਜ਼ ਹਨ। ਸੰਸਦ ਮੈਂਬਰ ਨੇ ਹਲਕੇ ਦੇ ਵਿਕਾਸ ਕਾਰਜਾਂ ਨੂੰ ਲੈ ਕੇ ਪੰਜ ਸਾਲਾਂ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ ਨਾਲ ਜਿਆਦਾ ਮੀਟਿੰਗਾਂ ਵੀ ਨਹੀ ਕੀਤੀ। ਆਮ ਲੋਕਾਂ ਨੂੰ ਉਮੀਦ ਸੀ ਕਿ ਪ੍ਰਧਾਨ ਮੰਤਰੀ ਨਾਲ ਨੇੜਤਾ ਹੋਣ ਕਾਰਨ ਸੰਨੀ ਦਿਓਲ ਗੁਰਦਾਸਪੁਰ ਲੋਕ ਸਭਾ ਹਲਕੇ ਦੇ ਮਸਲਿਆਂ ਨੂੰ ਉਠਾ ਕੇ ਉਨ੍ਹਾਂ ਦਾ ਹੱਲ ਕਰਨਗੇ, ਜੋ ਪੁਰਾਣੇ ਸੰਸਦ ਮੈਂਬਰ ਨਹੀਂ ਕਰ ਸਕੇ।

ਜਨਤਾ ਨੂੰ ਆਸ ਸੀ ਕਿ ਬਟਾਲਾ ਇੰਡਸਟਰੀ, ਧਾਰੀਵਾਲ ਵੂਲਨ ਮਿੱਲ, ਏਮਜ਼ ਇੰਸਟੀਚਿਊਟ, ਗੁਰਦਾਸਪੁਰ ਤੋਂ ਮੁਕੇਰੀਆਂ ਜਾਂ ਕਾਦੀਆਂ ਤੋਂ ਬਿਆਸ ਤੱਕ ਰੇਲਵੇ ਲਿੰਕ ਲਿਆਉਣ ਵਿੱਚ ਅਹਿਮ ਭੂਮਿਕਾ ਨਿਭਾਉਣਗੇ।ਇਸ ਦੇ ਨਾਲ ਹੀ ਮਕੋੜਾ ਅਤੇ ਕੀੜਾ ਪੱਤਣ 'ਤੇ ਵੀ ਕੰਮ ਸ਼ੁਰੂ ਹੋ ਜਾਵੇਗਾ।ਸੰਨੀ ਦਿਓਲ ਨੇ ਟਰਾਂਸਪੋਰਟ ਮੰਤਰੀ ਨਿਤਿਨ ਗਡਕਰੀ ਨਾਲ ਮੁਲਾਕਾਤ ਕੀਤੀ ਅਤੇ ਪਠਾਨਕੋਟ ਅਤੇ ਗੁਰਦਾਸਪੁਰ ਵਿੱਚ 2 ਹਾਈ ਲੈਵਲ ਬ੍ਰਿਜ ਬਣਾਉਣ ਬਾਰੇ ਚਰਚਾ ਕੀਤੀ।ਇਨ੍ਹਾਂ 'ਚੋਂ ਇਕ ਪੁਲ ਮਕੌੜਾ ਪੱਤਣ 'ਤੇ ਬਣੇਗਾ।ਇਸ ਤੋਂ ਇਲਾਵਾ ਸੰਨੀ ਦਿਓਲ ਨੇ ਕੇਂਦਰੀ ਸੜਕੀ ਆਵਾਜਾਈ ਅਤੇ ਰਾਜਮਾਰਗ ਮੰਤਰੀ ਨਿਤਿਨ ਗਡਕਰੀ ਨਾਲ ਮੁਲਾਕਾਤ ਕਰਕੇ ਆਪਣੇ ਇਲਾਕੇ ਦੀਆਂ ਸੜਕਾਂ ਅਤੇ ਆਵਾਜਾਈ ਨੂੰ ਸੁਧਾਰਨ ਦੀ ਮੰਗ ਕੀਤੀ ਸੀ।ਹਾਲਾਂਕਿ ਇਸ ਦਿਸ਼ਾ ਵਿੱਚ ਵੀ ਕੋਈ ਮਹੱਤਵਪੂਰਨ ਕੰਮ ਨਹੀਂ ਹੋਇਆ ਹੈ।ਧਾਰੀਵਾਲ ਵੂਲਨ ਮਿੱਲ ਦੀ ਮੁਰੰਮਤ ਦਾ ਮੁੱਦਾ ਲੰਬੇ ਸਮੇਂ ਤੋਂ ਉਠਦਾ ਆ ਰਿਹਾ ਹੈ। ਸੰਸਦ ਮੈਂਬਰ ਨੇ ਇਸ ਮਿੱਲ ਨੂੰ ਮੁੜ ਚਾਲੂ ਕਰਨ ਲਈ ਕੋਈ ਉਪਰਾਲਾ ਨਹੀਂ ਕੀਤਾ, ਸਗੋਂ 39 ਮਹੀਨਿਆਂ ਤੋਂ ਰੁਕੀਆਂ ਮਿੱਲ ਮੁਲਾਜ਼ਮਾਂ ਦੀਆਂ ਤਨਖਾਹਾਂ ਦਾ ਮੁੱਦਾ ਕੇਂਦਰੀ ਵਣਜ, ਉਦਯੋਗ ਅਤੇ ਕੱਪੜਾ ਮੰਤਰੀ ਪੀਯੂਸ਼ ਗੋਇਲ ਕੋਲ ਉਠਾਇਆ।ਉਨ੍ਹਾਂ ਦੇ ਯਤਨਾਂ ਸਦਕਾ ਮਿੱਲ ਮੁਲਾਜ਼ਮਾਂ ਦੀ ਨੌਂ ਮਹੀਨਿਆਂ ਦੀ ਤਨਖਾਹ ਜਾਰੀ ਕੀਤੀ ਗਈ ਪਰ ਜੇ ਇਹ ਮਿੱਲ ਮੁੜ ਚਾਲੂ ਹੋ ਜਾਂਦੀ ਤਾਂ ਇਲਾਕੇ ਦੇ ਸੈਂਕੜੇ ਲੋਕਾਂ ਨੂੰ ਰੁਜ਼ਗਾਰ ਮਿਲ ਸਕਦਾ ਸੀ ਪਰ ਸੰਸਦ ਮੈਂਬਰ ਆਪਣੇ ਕਾਰਜਕਾਲ ਦੌਰਾਨ ਅਜਿਹਾ ਕੁਝ ਵੀ ਨਹੀਂ ਕਰ ਸਕੇ।

ਨਾਗ ਕਲਾਂ 'ਚ ਨੌਜਵਾਨ ਦੀ ਭੇਦ ਭਰੀ ਹਾਲਤ 'ਚ ਮੌਤ

ਮਜੀਠਾ (ਸੋਇਮ ਆਨੰਦ)-ਪੁਲਸ ਥਾਣਾ ਮਜੀਠਾ ਅਧੀਨ ਆਉਂਦੇ ਪਿੰਡ ਨਾਗ ਕਲਾਂ ਵਿਖੇ ਇੱਕ ਨੌਜਵਾਨ ਦੀ ਭੇਦ ਭਰੀ ਹਾਲਤ ਵਿਚ ਮੌਤ ਉਪਰੰਤ ਲਾਸ਼ ਮਿਲਣ ਦਾ ਸਮਾਚਾਰ ਮਿਲਿਆ ਹੈ। ਮਿਲੀ ਜਾਣਕਾਰੀ ਅਨੁਸਾਰ ਸਾਹਿਲ ਪੁੱਤਰ ਬਲਦੇਵ ਸਿੰਘ ਉਮਰ ਕਰੀਬ 20 ਸਾਲ ਵਾਸੀ ਪਿੰਡ ਨਾਗ ਕਲਾਂ ਜਿਹੜਾ ਕਿ ਪਿਛਲੇ ਕੁਝ ਦਿਨਾਂ ਤੋ ਘਰੋਂ ਲਾਪਤਾ ਸੀ ਜਿਸ ਦੀ ਪਰਿਵਾਰ ਵਲੋਂ ਪੁਲਸ ਥਾਣਾ ਮਜੀਠਾ ਵਿਖੇ ਇਤਲਾਹ ਦਿੱਤੀ ਗਈ ਸੀ ਜਿਸ 'ਤੇ ਨੌਜਵਾਨ ਦੇ ਘਰਦਿਆਂ ਵਲੋਂ ਅਤੇ ਪੁਲਸ ਵੱਲੋਂ ਇਸ ਦੀ ਭਾਲ ਕੀਤੀ ਜਾ ਰਹੀ ਸੀ ਕਿ ਪਿੰਡ ਨਾਗ ਕਲਾਂ ਦੇ ਪ੍ਰਾਇਮਰੀ ਸਕੂਲ ਦੀ ਗਰਾਊਂਡ ਵਿਚ ਪਿੰਡ ਦੇ ਲੜਕੇ ਖੇਡ ਰਹੇ ਸਨ ਕਿ ਉਨ੍ਹਾਂ ਦੀ ਗੇਂਦ ਗਰਾਊਂਡ ਦੇ ਪਿਛਲੇ ਪਾਸੇ ਨਾਲ ਲਗਦੇ ਕਣਕ ਦੇ ਖੇਤ ਵਿਚ ਚਲੀ ਗਈ ਤਾਂ ਉਥੇ ਮੁੰਡਿਆਂ ਨੇ ਮ੍ਰਿਤਕ ਦੇਹ ਦੇਖੀ ਜਿਸ ਦੀ ਥਾਣਾ ਮਜੀਠਾ ਵਿਖੇ ਇਤਲਾਹ ਕੀਤੀ ਗਈ। ਪੁਲਸ ਨੇ ਮੌਕੇ 'ਤੇ ਪੁੱਜ ਕੇ ਕਣਕ ਦੇ ਖੇਤਾਂ ਵਿੱਚ ਪਈ ਲਾਸ਼ ਨੂੰ ਕਬਜ਼ੇ ਵਿਚ ਲੈ ਲਿਆ। ਇਸ ਸਬੰਧੀ ਥਾਣਾ ਮਜੀਠਾ ਦੇ ਸਬ-ਇੰਸਪੈਕਟਰ ਜੰਗ ਬਹਾਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੁਝ ਦਿਨ ਪਹਿਲਾਂ ਉਕਤ ਨੌਜਵਾਨ ਦੀ ਘਰੋਂ ਲਾਪਤਾ ਹੋਣ ਦੀ ਇਤਲਾਹ ਮਿਲੀ ਸੀ ਜਿਸ ਤੇ ਮਾਮਲਾ ਦਰਜ ਕੀਤਾ ਗਿਆ ਸੀ ਅਤੇ ਉਸ ਦੀ ਭਾਲ ਜਾਰੀ ਸੀ। ਉਨ੍ਹਾਂ ਦੇ ਦੱਸਣ ਮੁਤਾਬਕ ਇਤਲਾਹ ਮਿਲਣ ਤੇ ਉਹ ਪੁਲਸ ਪਾਰਟੀ ਸਮੇਤ ਘਟਨਾ ਸਥਾਨ 'ਤੇ ਪਹੁੰਚੇ ਜਿਥੇ ਸਾਰਾ ਮਾਮਲਾ ਹੱਥਾਂ ਵਿਚ ਲੈ ਕੇ 174 ਦਾ ਕਾਰਵਾਈ ਕਰਦੇ ਹੋਏ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਸਠਿਆਲਾ ਕਾਲਜ 'ਚ ਪਾਲੀ ਭੁਪਿੰਦਰ ਸਿੰਘ ਦਾ ਨੁੱਕੜ ਨਾਟਕ 'ਸਿਰਜਣਾ' ਖੇਡਿਆ

ਬੁਤਾਲਾ (ਨਿਰਮਲ ਸਿੰਘ ਸੰਘਾ)-ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਚਲਾਈ ਜਾ ਰਹੀ ਸੰਸਥਾ ਸ੍ਰੀ ਗੁਰੂ ਤੇਗ ਬਹਾਦਰ ਕਾਲਜ ਸਠਿਆਲਾ ਵਿਖੇ ਕਾਲਜ ਦੇ ਓਐੱਸਡੀ ਡਾ.ਤੇਜਿੰਦਰ ਕੌਰ ਸਾਹੀ ਦੀ ਰਹਿਨੁਮਾਈ ਹੇਠ ਕਾਲਜ ਦੇ ਟ੍ਰੇਨਿੰਗ ਅਤੇ ਪਲੇਸਮੈਂਟ ਸੈੱਲ ਦੇ ਮੁਖੀ ਪ੍ਰੋ. ਸਤਬੀਰ ਸਿੰਘ ਮੱਤੇਵਾਲ ਦੇ ਉਦਮ ਸਦਕਾ ਬਾਬਾ ਨਾਮਦੇਵ ਥੀਏਟਰ ਸੋਸਾਇਟੀ ਘੁਮਾਣ ਵੱਲੋਂ ਕਾਲਜ ਵਿਖੇ ਪਾਲੀ ਭੁਪਿੰਦਰ ਸਿੰਘ ਦੇ ਲਿਖੇ ਨਾਟਕ 'ਸਿਰਜਣਾ' ਦੀ ਪੇਸ਼ਕਾਰੀ ਕੀਤੀ ਗਈ ਜਿਸ ਵਿੱਚ ਪ੍ਰਿਤਪਾਲ ਸਿੰਘ, ਰੁਦਰਾਜ ਗੁਪਤਾ ਅਤੇ ਅਰਪਨਜੋਤ ਕੌਰ ਵਲੋਂ ਅਦਾਕਾਰੀ ਕੀਤੀ ਗਈ । ਪ੍ਰਿਤਪਾਲ ਸਿੰਘ ਦੇ ਨਿਰਦੇਸ਼ਨ ਹੇਠ ਇਸ ਨਾਟਕ ਦੀ ਪੇਸ਼ਕਾਰੀ ਨਾਲ ਰੰਗਮੰਚ ਦੇ ਕਰਮੀਆਂ ਵੱਲੋਂ ਬੇਟਾ ਬੇਟੀ ਇਕ ਸਮਾਨ ਅਤੇ ਸਮਾਜ ਵਿੱਚ ਔਰਤਾਂ ਦੀ ਬੇਬਸੀ ਨੂੰ ਦਰਸਾਉਂਦੇ ਦ੍ਰਿਸ਼ ਪੇਸ਼ ਕੀਤੇ ਗਏ। ਇਸ ਮੌਕੇ ਕੰਪਿਊਟਰ ਵਿਭਾਗ ਦੇ ਮੁਖੀ ਪ੍ਰੋ. ਸਤਬੀਰ ਸਿੰਘ ਮੱਤੇਵਾਲ ਨੇ ਪਹੁੰਚੇ ਰੰਗ ਕਰਮੀਆਂ ਦਾ ਸਵਾਗਤ ਕੀਤਾ ਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸੰਸਥਾ ਨਾਲ ਜਾਣੂ ਕਰਵਾਇਆ ਅਤੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਆਲੇ-ਦੁਆਲੇ ਹੋ ਰਹੀ ਲਿੰਗ ਅਸਮਾਨਤਾ ਖਿਲਾਫ ਆਵਾਜ਼ ਉਠਾਉਣ ਅਤੇ ਬਰਾਬਰਤਾ ਦਾ ਨਾਅਰਾ ਦੇਣ। ਇਸ ਮੌਕੇ ਅੰਗਰੇਜ਼ੀ ਵਿਭਾਗ ਦੇ ਪ੍ਰੋ. ਅਰੁਣ ਗੁਸਾਈਂ ਵੱਲੋਂ ਆਏ ਹੋਏ ਮਹਿਮਾਨਾਂ, ਸਮੂਹ ਸਟਾਫ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ ਗਿਆ। ਇਸ ਉਪਰੰਤ ਸਮੂਹ ਸਟਾਫ ਵੱਲੋਂ ਨੁੱਕੜ ਨਾਟਕ ਪੇਸ਼ ਕਰਨ ਵਾਲੇ ਕਲਾਕਾਰਾਂ ਨੂੰ ਸਨਮਾਨ ਚਿੰਨ੍ਹ ਦਿੱਤੇ ਗਏ। ਇਸ ਮੌਕੇ ਪ੍ਰੋ. ਸਤਬੀਰ ਸਿੰਘ, ਪ੍ਰੋ. ਅਮਨਦੀਪ ਸਿੰਘ, ਪ੍ਰੋ. ਅਰੁਣ ਗੁਸਾਈਂ, ਪ੍ਰੋ. ਕਰਮਬੀਰ ਸਿੰਘ, ਪ੍ਰੋ. ਗੌਰਵ, ਪ੍ਰੋ. ਹੀਰਾ ਲਾਲ, ਪ੍ਰੋ. ਰੋਹਿਤ ਗੁਪਤਾ, ਪ੍ਰੋ. ਜਸਵਿੰਦਰ ਕੌਰ, ਪ੍ਰੋ. ਹਰਪ੍ਰੀਤ ਕੌਰ, ਪ੍ਰੋ. ਵਨੀਤ ਕੌਰ, ਪ੍ਰੋ. ਜੈਸਮੀਨ, ਪ੍ਰੋ. ਪਲਵਿੰਦਰ ਕੌਰ, ਪ੍ਰੋ. ਮਨੂੰ ਬਾਲਾ, ਪ੍ਰੋ. ਰਾਜਨ ਬੇਦੀ, ਪ੍ਰੋ. ਸੁਪਰੀਤ ਕੌਰ ਅਤੇ ਦਫਤਰੀ ਸਟਾਫ ਵਿੱਚੋਂ ਹੇਮੰਤ ਕੁਮਾਰ ਹਾਜ਼ਰ ਸਨ।

160 ਨਸ਼ੇ ਦੀਆਂ ਗੋਲੀਆਂ ਸਮੇਤ ਮੁਲਜ਼ਮ ਕਾਬੂ

ਬੁਤਾਲਾ (ਨਿਰਮਲ ਸਿੰਘ ਸੰਘਾ)-ਬਾਬਾ ਬਕਾਲਾ ਸਾਹਿਬ ਸਬ ਡਵੀਜ਼ਨ ਦੀ ਪੁਲਸ ਵੱਲੋਂ ਨਸ਼ਿਆਂ ਅਤੇ ਸਮਾਜ ਵਿਰੋਧੀ ਅਨਸਰਾਂ ਖਿਲਾਫ ਵਿੱਢੀ ਮੁਹਿੰਮ ਤਹਿਤ ਇੱਕ ਦੋਸ਼ੀ ਨੂੰ 160 ਨਸ਼ੇ ਵਾਲੀਆਂ ਗੋਲੀਆਂ ਸਮੇਤ ਕਾਬੂ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਡੀਐੱਸਪੀ ਸਬ ਡਵੀਜ਼ਨ ਬਾਬਾ ਬਕਾਲਾ ਸਾਹਿਬ ਦੀ ਸੂਚਨਾ ਮੁਤਾਬਕ ਬਲਵਿੰਦਰ ਸਿੰਘ ਪੁਲਸ ਚੌਕੀ ਬੁਤਾਲਾ ਆਪਣੇ ਸਾਥੀਆਂ ਸਮੇਤ ਬੁਤਾਲੇ ਤੋਂ ਗੱਗੜ ਭਾਣਾ ਰੋਡ 'ਤੇ ਗਸ਼ਤ ਕਰ ਰਹੇ ਸਨ ਕਿ ਪੁਲ ਸੂਏ ਤੋਂ ਇੱਕ ਨੌਜਵਾਨ ਪੈਦਲ ਤੁਰਿਆ ਆ ਰਿਹਾ ਸੀ। ਤਲਾਸ਼ੀ ਲੈਣ ਤੇ ਉਸ ਕੋਲੋਂ 160 ਨਸ਼ੇ ਵਾਲੀਆਂ ਗੋਲੀਆਂ ਬਿਨਾਂ ਮਾਰਕਾ ਮਿਲੀਆਂ ਜਿਸਦੀ ਪਹਿਚਾਣ ਮਨਕਮਲ ਪੁੱਤਰ ਹਰਪ੍ਰੀਤ ਸਿੰਘ ਪੱਤੀ ਪੱਲਾ ਵਾਸੀ ਬੁਤਾਲਾ ਵਜੋਂ ਹੋਈ, ਜਿਸ 'ਤੇ ਕਾਰਵਾਈ ਕਰਦਿਆਂ ਧਾਰਾ 22-61-85 ਐੱਨਡੀਪੀਐੱਸ ਐਕਟ ਥਾਣਾ ਬਿਆਸ ਵਿਖੇ ਕੇਸ ਦਰਜ ਕਰਕੇ ਮਾਣ ਯੋਗ ਐੱਸਡੀਜੇਐੱਮ ਬਾਬਾ ਬਕਾਲਾ ਸਾਹਿਬ ਦੀ ਅਦਾਲਤ ਵਿੱਚ ਅਗਲੇਰੀ ਕਾਰਵਾਈ ਲਈ ਪੇਸ਼ ਕੀਤਾ।

ਸ਼ਹੀਦੇ ਸ. ਆਜ਼ਮ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ

ਮਜੀਠਾ (ਸੋਇਮ ਆਨੰਦ)-ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਮਜੀਠਾ ਵਿਖੇ ਸ਼ਹੀਦੇ ਆਜ਼ਮ ਸ਼ਹੀਦ ਭਗਤ ਸਿੰਘ ਦੀ ਸ਼ਹਾਦਤ ਨੂੰ ਸਮਰਪਿਤ ਸਕੂਲ ਮੈਨੇਜ਼ਮੈਂਟ ਕਮੇਟੀ ਦੇ ਚੇਅਰਮੈਨ ਜਸਪਿੰਦਰ ਸਿੰਘ ਕਾਹਲੋਂ ਦੀ ਅਗਵਾਈ ਵਿਚ ਇਕ ਸ਼ਰਧਾਂਜਲੀ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਚੇਅਰਮੈਨ ਜਸਪਿੰਦਰ ਸਿੰਘ ਕਾਹਲੋਂ ਨੇ ਆਪਣੇ ਵੱਡਮੁੱਲੇ ਵਿਚਾਰ ਵਿਦਿਆਰਥੀਆਂ ਨਾਲ ਸਾਂਝੇ ਕਰਦਿਆਂ ਕਿਹਾ ਕਿ ਦੇਸ਼, ਧਰਮ ਅਤੇ ਕੌਮ ਪ੍ਰਤੀ ਸਾਡੀ ਕੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਦੇਸ਼ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਦਰਸਾਏ ਮਾਰਗ ਦੇ ਚੱਲਿਆ ਜਾਵੇ। ਇਸ ਮੌਕੇ ਡਾਇਰੈਕਟਰ ਪ੍ਰਿੰਸੀਪਲ ਅਮਨਦੀਪ ਕੌਰ, ਮੁੱਖ ਪ੍ਰਬੰਧਕ ਹਰਜਿੰਦਰਪਾਲ ਕੌਰ ਨੇ ਸ਼ਹੀਦ ਭਗਤ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਸ਼ਹੀਦਾਂ ਦੀਆਂ ਦੇਸ਼ ਪ੍ਰਤੀ ਕੀਤੀਆਂ ਕੁਰਬਾਨੀਆਂ ਤੋਂ ਵਿਦਿਆਰਥੀਆਂ ਨੂੰ ਜਾਣੂੰ ਕਰਾਇਆ। ਸਕੂਲ ਅਧਿਆਪਕਾਂ ਸਰਬਜੀਤ ਕੌਰ ਨੇ ਸ਼ਹੀਦਾਂ ਦੇ ਜਜ਼ਬਿਆਂ ਦੀ ਗਾਥਾ ਦੇਸ਼ ਪਿਆਰ ਤੇ ਆਜ਼ਾਦੀ ਦੇ ਵਲਵਲੇ ਜ਼ੋ ਅੰਗਰੇਜ਼ਾਂ ਦੀ ਗੁਲਾਮੀ ਤੋਂ ਅਸੀਂ ਕਿਵੇਂ ਮੁਕਤ ਹੋਏ ਸੰਪੂਰਨ ਇਤਿਹਾਸ ਦੀ ਵਿਦਿਆਰਥੀਆਂ ਨਾਲ ਸਾਂਝ ਪਾਈ। ਇਸ ਮੌਕੇ ਸਕੂਲ ਪ੍ਰਿੰਸੀਪਲ ਲਕਸ਼ਿਤਾ ਵਰਮਾ ਅਤੇ ਸਮੂਹ ਵਿਦਿਆਰਥੀਆਂ ਨੇ ਸ਼ਹੀਦ ਭਗਤ ਦੀ ਤਸਵੀਰ ਤੇ ਫੁੱਲ ਮਾਲਾਵਾਂ ਚੜ੍ਹਾ ਕੇ ਸ਼ਰਧਾਂਜਲੀ ਭੇਟ ਕੀਤੀ।

ਦੇਸ਼ ਭਗਤ ਯਾਦਗਾਰ ਸੁਸਾਇਟੀ ਤੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਸ਼ਹੀਦਾਂ ਨੂੰ ਪ੍ਰਣਾਮ

ਧਾਰੀਵਾਲ/ਗੁਰਦਾਸਪੁਰ (ਮਨਦੀਪ ਸਿੰਘ ਵਿੱਕੀ, ਜਨਕ ਮਹਾਜਨ)-ਦੇਸ਼ ਭਗਤ ਯਾਦਗਾਰ ਸੋਸਾਇਟੀ ਵੱਲੋਂ ਸਥਾਨਕ ਰਾਮ ਸਿੰਘ ਦੱਤ ਹਾਲ ਵਿਖੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਾਮਰਾਜ ਭਜਾਉ ਲੋਕ ਰਾਜ ਬਚਾਉ ਦਿਵਸ ਮਨਾਇਆ ਗਿਆ। ਇਸ ਮੌਕੇ ਸੰਯੁਕਤ ਕਿਸਾਨ ਮੋਰਚੇ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਸਮਾਗਮ ਦੀ ਪ੍ਰਧਾਨਗੀ ਜ਼ਿਲ੍ਹਾ ਪ੍ਰਧਾਨ ਵੱਸਣ ਸਿੰਘ ਸੰਧੂ ਅਤੇ ਜਨਰਲ ਸਕੱਤਰ ਕੁਲਦੀਪ ਸਿੰਘ ਰਿਆੜ ਨੇ ਕੀਤੀ, ਜਦਕਿ ਰਘਬੀਰ ਸਿੰਘ ਪਕੀਵਾਂ, ਸੁਖਦੇਵ ਸਿੰਘ ਭਾਗੋਕਾਵਾਂ, ਗੁਲਜ਼ਾਰ ਸਿੰਘ ਬਸੰਤਕੋਟ, ਅਜੀਤ ਸਿੰਘ ਠੱਕਰ ਸੰਧੂ, ਅਵਤਾਰ ਸਿੰਘ, ਕਰਨੈਲ ਸਿੰਘ ਸ਼ੇਰਪੁਰ, ਮੰਗਤ ਸਿੰਘ ਜੀਵਨ ਚੱਕ, ਨਰਿੰਦਰ ਸਿੰਘ ਰੰਧਾਵਾ, ਬਲਬੀਰ ਸਿੰਘ ਕੱਤੋਵਾਲ, ਡਾਕਟਰ ਜਗਜੀਵਨ ਲਾਲ, ਕੁਲਵੰਤ ਕੌਰ ਹੁੰਦਲ ਪ੍ਰਧਾਨਗੀ ਮੰਡਲ ਵਿੱਚ ਸਾਮਿਲ ਹੋਏ। ਪ੍ਰਧਾਨਗੀ ਮੰਡਲ ਤੋਂ ਇਲਾਵਾ ਵਿਜੇ ਕੁਮਾਰ ਸੋਹਲ, ਧਿਆਨ ਸਿੰਘ ਠਾਕੁਰ, ਅਸ਼ਵਨੀ ਕੁਮਾਰ ਲੱਖਣ ਕਲਾਂ, ਰੂਪ ਸਿੰਘ ਪੱਡਾ, ਅਸ਼ਵਨੀ ਕੁਮਾਰ (ਜਮਹੂਰੀ ਅਧਿਕਾਰ ਸਭਾ), ਡਾਕਟਰ ਬਲਬੀਰ ਸਿੰਘ ਪੀਰਾਂਬਾਗ, ਹਰਜੀਤ ਸਿੰਘ ਕਾਹਲੋਂ, ਅਜੀਤ ਸਿੰਘ ਹੁੰਦਲ, ਗੁਰਦਿਆਲ ਸਿੰਘ ਸੋਹਲ, ਜਗੀਰ ਸਿੰਘ ਸਲਾਚ ਆਦਿ ਨੇ ਵੀ ਆਪਣੇ ਵਿਚਾਰ ਰੱਖੇ। ਇਸ ਮੌਕੇ ਬੁਲਾਰਿਆਂ ਨੇ ਆਖਿਆ ਕਿ ਜਿਹੜੀ ਆਜਾਦੀ ਲਈ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਸ਼ਹੀਦ ਹੋਏ ਉਹ ਆਜ਼ਾਦੀ ਹਾਲੇ ਨਹੀਂ ਆਈ ਉਨ੍ਹਾਂ ਤਾਂ ਕਦੇ ਵੀ ਨਹੀਂ ਸੀ ਸੋਚਿਆ ਕਿ ਆਜ਼ਾਦੀ ਮੋਦੀ ਤੇ ਅਡਾਨੀ ਅੰਬਾਨੀ ਜੁੰਡਲੀ ਦੇ ਹੱਥ ਆ ਜਾਵੇਗੀ। ਭਗਤ ਸਿੰਘ ਸਾਮਰਾਜ ਨੂੰ ਅਤਿਅੰਤ ਜ਼ਾਲਮ ਤੇ ਫਾਸੀ ਤਾਕਤ ਸਮਝਦਾ ਸੀ ਤੇ ਸਰਮਾਏਦਾਰੀ ਦੀ ਥਾਂ ਮਜ਼ਦੂਰ ਜਮਾਤ ਦਾ ਰਾਜ ਚਾਹੁੰਦਾ ਸੀ, ਉਹ ਆਤੰਕਵਾਦ ਦਾ ਹਾਮੀ ਨਹੀਂ ਸੀ ਅਤੇ ਉਸਨੇ ਨੌਜਵਾਨਾਂ ਨੂੰ ਹਥਿਆਰਾਂ ਦੀ ਥਾਂ ਮਜ਼ਦੂਰਾਂ ਕਿਸਾਨਾਂ ਨੂੰ ਲਾਮਬੰਦ ਕਰਕੇ ਮੁਕੰਮਲ ਇਨਕਲਾਬ ਕਰਨ ਦਾ ਸੁਨੇਹਾ ਦਿੱਤਾ। ਆਗੂਆਂ ਨੇ ਕਿਹਾ ਕਿ ਅੱਜ ਮੋਦੀ ਸਰਕਾਰ ਦੇਸ਼ ਵਿੱਚ ਸਾਰਾ ਧਨ ਦੌਲਤ ਗਰੀਬਾਂ ਤੋਂ ਖੋਹ ਕੇ ਕਾਰਪੋਰੇਟ ਸੈਕਟਰ ਨੂੰ ਸੌਂਪ ਰਿਹਾ ਹੈ। ਨਵੇਂ ਸਰਵੇ ਮੁਤਾਬਕ 1 % ਕੋਲ 40% ਤੋਂ ਵੱਧ ਦੌਲਤ ਹੈ ਜਦਕਿ ਹੇਠਲੇ 50% ਕੋਲ ਸਿਰਫ 1% ਮੋਦੀ ਰਾਜ ਵਿੱਚ ਜਿੱਥੇ ਆਰਥਿਕ ਪਾੜਾ ਦੁਨੀਆਂ ਭਰ ਵਿੱਚ ਸਭ ਤੋਂ ਵੱਧ ਹੈ, ਉੱਥੇ ਮੋਦੀ ਫਾਸੀ ਨੀਤੀ ਅਪਣਾ ਕੇ ਘੱਟ ਗਿਣਤੀਆਂ ਉੱਪਰ ਹਮਲੇ ਕਰ ਰਿਹਾ ਹੈ ਤੇ ਸੰਵਿਧਾਨ ਨੂੰ ਤਾਕ ਤੇ ਰੱਖ ਕੇ ਤਾਨਾ ਸ਼ਾਹ ਬਣਿਆ ਹੋਇਆ ਹੈ। ਆਗੂਆਂ ਨੇ ਆਖਿਆ ਕਿ ਜੇ ਭਗਤ ਸਿੰਘ ਦੇ ਸੁਪਨਿਆਂ ਨੂੰ ਹਕ

25-March-PAGE-4.qxd 3/24/2024 10:50 PM Page 1

ਨਵਾਂ ਜ਼ਮਾਨਾ
ਸੋਮਵਾਰ, 25 ਮਾਰਚ 2024

ਆਨੰਦ ਸ਼ਰਮਾ ਦੀ ਪ੍ਰੇਸ਼ਾਨੀ

ਕਾਂਗਰਸ ਤੇ ਕੇਂਦਰ ਸਰਕਾਰ ਵਿੱਚ ਵੱਡੇ ਅਹੁਦਿਆਂ 'ਤੇ ਬਿਰਾਜਮਾਨ ਰਹਿ ਚੁੱਕੇ ਆਨੰਦ ਸ਼ਰਮਾ ਨੇ ਪਿਛਲੇ ਦਿਨੀਂ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੂੰ ਪੱਤਰ ਲਿਖ ਕੇ ਜਾਤੀ ਜਨਗਣਨਾ ਨੂੰ ਜਾਤੀਵਾਦ ਵਧਾਉਣ ਵਾਲਾ ਕਦਮ ਦੱਸਿਆ ਤੇ ਇਸ ਦੇ ਹੱਕ ਵਿਚ ਕਾਂਗਰਸ ਪਾਰਟੀ ਦੇ 1980 ਦੀਆਂ ਚੋਣਾਂ ਦੇ ਨਾਅਰੇ 'ਜਾਤ ਪਰ ਨਾ ਪਾਤ ਪਰ, ਮੁਹਰ ਲਗੇਗੀ ਹਾਥ ਪਰ' ਦੀ ਯਾਦ ਦਿਵਾਈ। 9 ਅਕਤੂਬਰ 2023 ਨੂੰ ਕਾਂਗਰਸ ਦੀ ਵਰਕਿੰਗ ਕਮੇਟੀ ਨੇ ਕਿਹਾ ਸੀ ਕਿ ਪਾਰਟੀ ਵਾਅਦਾ ਕਰਦੀ ਹੈ ਕਿ ਉਸ ਦੀ ਅਗਵਾਈ ਵਿਚ ਸਰਕਾਰ ਬਣਨ 'ਤੇ ਹਰ 10 ਸਾਲ ਬਾਅਦ ਹੋਣ ਵਾਲੀ ਮਰਦਮਸ਼ੁਮਾਰੀ ਦੇ ਹਿੱਸੇ ਵਜੋਂ ਰਾਸ਼ਟਰ ਵਿਆਪੀ ਜਾਤੀ ਜਨਗਣਨਾ ਕਰਵਾਈ ਜਾਵੇਗੀ, ਜਿਹੜੀ ਕਿ 2021 ਵਿਚ ਹੋਣੀ ਸੀ। ਪਾਰਟੀ ਨੇ ਤੈਅ ਕੀਤਾ ਕਿ ਓ ਬੀ ਸੀ, ਅਨੁਸੂਚਿਤ ਜਾਤੀ ਤੇ ਜਨਜਾਤੀ ਨੂੰ ਆਬਾਦੀ ਦੇ ਹਿਸਾਬ ਨਾਲ ਹਿੱਸੇਦਾਰੀ ਦੇਣ ਲਈ ਰਿਜ਼ਰਵੇਸ਼ਨ ਦੀ 50 ਫੀਸਦੀ ਦੀ ਸੀਲਿੰਗ ਖਤਮ ਕੀਤੀ ਜਾਏਗੀ। ਰਾਹੁਲ ਗਾਂਧੀ ਆਪਣੀ ਭਾਰਤ ਜੋੜੋ ਨਿਆਏ ਯਾਤਰਾ ਦੌਰਾਨ ਇਸ ਮੁੱਦੇ ਨੂੰ ਲਗਾਤਾਰ ਉਠਾਉਂਦੇ ਰਹੇ ਹਨ ਤੇ ਇਸ ਨੂੰ ਲੋਕਾਂ ਦਾ ਭਾਰੀ ਸਮਰਥਨ ਵੀ ਮਿਲਿਆ। ਸ਼ਾਸਨ-ਪ੍ਰਸ਼ਾਸਨ, ਉਦਯੋਗ ਤੋਂ ਲੈ ਕੇ ਮੀਡੀਆ ਤੱਕ ਵਿਚ ਦੇਸ਼ ਦੀ ਬਹੁਗਿਣਤੀ ਆਬਾਦੀ ਦੀ ਬਣਦੀ ਨੁਮਾਇੰਦਗੀ ਨਾ ਹੋਣਾ ਇਕ ਅਜਿਹੀ ਹਕੀਕਤ ਹੈ, ਜਿਸ ਨੂੰ ਰਾਹੁਲ ਸ਼ੀਸ਼ਾ ਬਣਾ ਕੇ ਦੇਸ਼ ਸਾਹਮਣੇ ਰੱਖ ਰਹੇ ਹਨ। ਲੱਗਦਾ ਹੈ ਕਿ ਬ੍ਰਾਹਮਣ ਹੋਣ ਕਰਕੇ ਆਨੰਦ ਸ਼ਰਮਾ ਮਨੂੰਵਾਦੀ ਢਾਂਚੇ 'ਤੇ ਵੱਜ ਰਹੀ ਸੱਟ ਤੋਂ ਪ੍ਰੇਸ਼ਾਨ ਹਨ। ਉਨ੍ਹਾ ਇਹ ਮੁੱਦਾ ਵਰਕਿੰਗ ਕਮੇਟੀ ਵਿਚ ਉਠਾਉਣ ਦੀ ਥਾਂ ਬਾਹਰ ਉਠਾਇਆ। ਖੜਗੇ ਨੂੰ ਲਿਖਿਆ ਪੱਤਰ ਵੀ ਮੀਡੀਆ ਨੂੰ ਲੀਕ ਕਰ ਦਿੱਤਾ। ਜਾਤੀ ਜਨਗਣਨਾ ਪਿੱਛੇ ਮੂਲ ਸਵਾਲ ਇਹ ਹੈ ਕਿ ਰਿਜ਼ਰਵੇਸ਼ਨ ਦੀ 75 ਸਾਲ ਦੀ ਵਿਵਸਥਾ 'ਤੇ ਨਜ਼ਰਸਾਨੀ ਕੀਤੀ ਜਾਵੇ। ਏਨੇ ਲੰਬੇ ਅਰਸੇ ਦੇ ਬਾਵਜੂਦ ਜੇ ਰਿਜ਼ਰਵ ਸੀਟਾਂ ਨਹੀਂ ਭਰੀਆਂ ਜਾਂਦੀਆਂ ਤਾਂ ਕੋਈ ਗੰਭੀਰ ਸਮੱਸਿਆ ਜ਼ਰੂਰ ਹੋਵੇਗੀ। ਕੋਈ ਤਾਂ ਤੰਤਰ ਹੈ, ਜੋ ਇਸ ਨੂੰ ਰੋਕਣਾ ਚਾਹੁੰਦਾ ਹੈ। ਰਾਹੁਲ ਗਾਂਧੀ ਜਾਤੀ ਜਨਗਣਨਾ ਨੂੰ ਸਮਾਜ ਦਾ ਐਕਸ-ਰੇ ਕੱਢਣਾ ਕਹਿ ਰਹੇ ਹਨ, ਪਰ ਆਨੰਦ ਸ਼ਰਮਾ ਵਰਗੇ ਆਗੂਆਂ ਨੂੰ ਲਗਦਾ ਹੈ ਕਿ ਇਸ ਨਾਲ ਜਾਤੀਵਾਦ ਵਧ ਜਾਵੇਗਾ। ਯਾਨੀ ਕਿ ਉਹ ਕਹਿਣਾ ਚਾਹੁੰਦੇ ਹਨ ਕਿ ਐਕਸ-ਰੇ ਨਾਲ ਬਿਮਾਰੀ ਵਧ ਜਾਵੇਗੀ, ਜਦਕਿ ਹਕੀਕਤ ਇਸ ਦੇ ਬਿਲਕੁਲ ਉਲਟ ਹੈ। ਐਕਸ-ਰੇ ਦਾ ਵਿਰੋਧ ਕਰਨ ਵਾਲੀਆਂ ਤਾਕਤਾਂ ਬਿਮਾਰੀ ਨੂੰ ਬਣਾਏ ਰੱਖਣਾ ਚਾਹੁੰਦੀਆਂ ਹਨ। ਬਿਹਾਰ ਵਿਚ ਹੋਈ ਜਾਤੀ ਜਨਗਣਨਾ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਜ਼ਮੀਨ ਤੋਂ ਲੈ ਕੇ ਨੌਕਰੀਆਂ ਤੱਕ ਵਿਚ ਕਬਜ਼ਾ ਉਨ੍ਹਾਂ ਦਾ ਹੈ, ਜਿਨ੍ਹਾਂ ਦੀ ਆਬਾਦੀ ਬੇਹੱਦ ਘੱਟ ਹੈ। ਨਿਸਚਿਤ ਹੀ ਉੱਚ ਜਾਤੀਆਂ ਦੇ ਇਸ ਦਬਦਬੇ ਦੇ ਇਤਿਹਾਸਕ ਕਾਰਨ ਹਨ, ਪਰ ਇਕ ਨਿਆਂਪੂਰਨ ਸਮਾਜ ਬਣਾਉਣ ਦਾ ਸੰਕਲਪ ਲੈਣ ਵਾਲੀ ਸਿਆਸਤ ਵਸੀਲਿਆਂ ਦੀ ਨਿਆਂਪੂਰਨ ਵੰਡ ਦੀ ਦਿਸ਼ਾ ਵਿਚ ਹੀ ਚੱਲੇਗੀ। ਹਾਲਾਂਕਿ ਭਾਜਪਾ ਅਨੁਸੂਚਿਤ ਜਾਤੀ ਤੇ ਜਨਜਾਤੀ ਦੇ ਮੈਂਬਰਾਂ ਨੂੰ ਰਾਸ਼ਟਰਪਤੀ ਬਣਾ ਕੇ ਪੱਛੜਿਆਂ ਦੀ ਵੱਡੀ ਹਮਦਰਦ ਹੋਣ ਦੇ ਦਾਅਵੇ ਕਰਦੀ ਹੈ ਪਰ ਜਾਤੀ ਜਨਗਣਨਾ ਦੇ ਉਹ ਦਿਲੋਂ ਵਿਰੁੱਧ ਹੈ। ਬਿਹਾਰ ਵਿਚ ਹੋਈ ਜਾਤੀ ਜਨਗਣਨਾ ਦਾ ਉਸ ਦੇ ਆਗੂਆਂ ਨੇ ਕਾਫੀ ਵਿਰੋਧ ਕੀਤਾ ਸੀ, ਪਰ ਜਾਤੀ ਪ੍ਰਥਾ ਜਾਰੀ ਰੱਖ ਕੇ ਸੱਤਾ ਦਾ ਆਨੰਦ ਮਾਣਨ ਵਾਲੇ ਆਨੰਦ ਸ਼ਰਮਿਆਂ ਨੂੰ ਹੁਣ ਇਹ ਸਪੱਸ਼ਟ ਹੋ ਜਾਣਾ ਚਾਹੀਦਾ ਹੈ ਕਿ ਲੋਕ ਜਾਗ ਚੁੱਕੇ ਹਨ ਤੇ ਉਹ ਆਪਣਾ ਹੱਕ ਲੈ ਕੇ ਹੀ ਰਹਿਣਗੇ। ਲੋਕ ਸਭਾ ਚੋਣਾਂ ਵਿਚ ਜਾਤੀ ਜਨਗਣਨਾ ਵੱਡਾ ਮੁੱਦਾ ਹੋਵੇਗੀ।

ਲੋਕ ਸਭਾ ਚੋਣਾਂ : ਹਰਿਆਣਾ 'ਚ ਕਈ ਥਾਵਾਂ 'ਤੇ ਚਿਹਰੇ, ਝੰਡੇ ਤੇ ਮੈਦਾਨ ਬਦਲੇ

ਜਗਤਾਰ ਸਮਾਲਸਰ

ਦੇਸ਼ ਵਿੱਚ ਲੋਕ ਸਭਾ ਚੋਣਾਂ ਦਾ ਐਲਾਨ ਹੋਣ ਮਗਰੋਂ ਹਰਿਆਣਾ ਦੀ ਸਿਆਸਤ ਵਿੱਚ ਵੱਡਾ ਫੇਰਬਦਲ ਵੇਖਣ ਨੂੰ ਮਿਲ ਰਿਹਾ ਹੈ। ਜਿੱਥੇ ਭਾਜਪਾ ਹਾਈਕਮਾਨ ਵੱਲੋਂ ਸੂਬੇ ਦੇ ਮੁੱਖ ਮੰਤਰੀ ਨੂੰ ਵੀ ਬਦਲ ਕੇ ਜਾਤੀ ਸਮੀਕਰਨਾਂ 'ਤੇ ਆਧਾਰਤ ਨਾਇਬ ਸਿੰਘ ਸੈਨੀ ਨੂੰ ਸੀ ਐੱਮ ਦੀ ਕੁਰਸੀ 'ਤੇ ਬਿਠਾਇਆ ਗਿਆ ਹੈ ਅਤੇ ਮੰਤਰੀ ਮੰਡਲ ਵਿੱਚ ਵੀ ਨਵੇਂ ਚਿਹਰਿਆਂ ਨੂੰ ਥਾਂ ਦੇ ਕੇ ਅਗਾਮੀ ਲੋਕ ਸਭਾ ਚੋਣਾਂ ਲਈ ਮੈਦਾਨ ਪੂਰੀ ਤਰ੍ਹਾਂ ਤਿਆਰ ਕੀਤਾ ਗਿਆ ਹੈ, ਉੱਥੇ ਹੀ ਸੂਬੇ ਦੀ ਰਾਜਨੀਤੀ ਵਿੱਚ ਕੁਝ ਅਜਿਹੇ ਬਦਲਾਅ ਵੀ ਵੇਖਣ ਨੂੰ ਮਿਲ ਰਹੇ ਹਨ, ਜਿਹੜੇ ਵਿਰੋਧੀ ਪਿਛਲੀਆਂ ਚੋਣਾਂ ਦੌਰਾਨ ਆਪਸ ਵਿੱਚ ਸਿਆਸੀ ਤੌਰ 'ਤੇ ਭਿੜਦੇ ਸਨ, ਹੁਣ ਉਹੀ ਆਪਸ ਵਿੱਚ ਹੱਥ ਮਿਲਾਉਣ ਲੱਗੇ ਹਨ।

2019 ਦੀਆਂ ਲੋਕ ਸਭਾ ਚੋਣਾਂ ਦੇ ਮੁਕਾਬਲੇ ਇਸ ਵਾਰ ਹਰਿਆਣਾ ਦੀ ਸਿਆਸਤ ਦਾ ਚਿਹਰਾ ਪੂਰੀ ਤਰ੍ਹਾਂ ਬਦਲ ਗਿਆ ਹੈ। ਇਸ ਵਾਰ ਬਹੁਤੇ ਨੇਤਾਵਾਂ ਨੇ ਆਪਣੀਆਂ ਪਾਰਟੀਆਂ ਬਦਲਦਿਆਂ ਹੋਰ ਝੰਡੇ ਫੜ ਲਏ ਹਨ। ਕਈ ਆਗੂ ਇਸ ਵੇਲੇ ਮੈਦਾਨ ਬਦਲਣ ਦੀ ਤਿਆਰੀ ਕਰ ਰਹੇ ਹਨ। ਸਿਆਸਤ ਦੀ ਇਹ ਧੁੰਦਲੀ ਤਸਵੀਰ ਅਗਲੇ ਦਿਨਾਂ ਵਿੱਚ ਸਪੱਸ਼ਟ ਹੋ ਜਾਵੇਗੀ। ਤਾਜ਼ਾ ਘਟਨਾਕ੍ਰਮ ਅਨੁਸਾਰ ਜੇਕਰ ਸਿਰਸਾ ਦੀ ਹੀ ਗੱਲ ਕਰੀਏ ਤਾਂ ਇੱਥੇ ਭਾਜਪਾ ਨੇ ਮੌਜੂਦਾ ਸੰਸਦ ਮੈਂਬਰ ਸੁਨੀਤਾ ਦੁੱਗਲ ਦੀ ਟਿਕਟ ਕੱਟ ਕੇ ਆਮ ਆਦਮੀ ਪਾਰਟੀ ਦੇ ਸਾਬਕਾ ਆਗੂ ਅਤੇ ਕੁਝ ਦਿਨ ਪਹਿਲਾਂ ਹੀ ਭਾਜਪਾ ਵਿੱਚ ਸ਼ਾਮਲ ਹੋਏ ਡਾਕਟਰ ਅਸ਼ੋਕ ਤੰਵਰ ਨੂੰ ਮੈਦਾਨ ਵਿੱਚ ਉਤਾਰਿਆ ਹੈ। ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਉਹ ਕਾਂਗਰਸ ਉਮੀਦਵਾਰ ਵਜੋਂ ਮੈਦਾਨ ਵਿੱਚ ਉੱਤਰੇ ਸਨ ਅਤੇ ਭਾਜਪਾ ਉਮੀਦਵਾਰ ਸੁਨੀਤਾ ਦੁੱਗਲ ਤੋਂ ਹੀ ਚੋਣ ਹਾਰ ਗਏ ਸਨ, ਪਰ ਇਸ ਵਾਰ ਉਹ ਭਾਜਪਾ ਵੱਲੋਂ ਚੋਣ ਲੜ ਰਹੇ ਹਨ। ਹੁਣ ਪਿਛਲੀਆਂ ਚੋਣਾਂ ਦੇ ਵਿਰੋਧੀ ਇਸ ਵਾਰ ਇਸ ਸੀਟ 'ਤੇ ਇਕੱਠੇ ਨਜ਼ਰ ਆਉਣਗੇ ਅਤੇ ਅਸ਼ੋਕ ਤੰਵਰ ਹੁਣ ਆਪਣੀ ਪੁਰਾਣੀ ਪਾਰਟੀ ਦੇ ਉਮੀਦਵਾਰ ਖ਼ਿਲਾਫ਼ ਚੋਣ ਲੜਨਗੇ।

ਹਿਸਾਰ ਵਿੱਚ ਵੀ ਕੁਝ ਅਜਿਹੇ ਹੀ ਸਮੀਕਰਨ ਹਨ। ਇੱਥੋਂ ਦੇ ਮੌਜੂਦਾ ਸੰਸਦ ਮੈਂਬਰ ਬ੍ਰਿਜੇਂਦਰ ਸਿੰਘ ਭਾਜਪਾ ਛੱਡ ਕੇ ਕਾਂਗਰਸ ਵਿੱਚ ਸ਼ਾਮਲ ਹੋ ਗਏ ਹਨ ਅਤੇ ਇਸ ਵਾਰ ਉਹ ਭਾਜਪਾ ਨੂੰ ਟੱਕਰ ਦਿੰਦੇ ਨਜ਼ਰ ਆ ਸਕਦੇ ਹਨ। ਪਿਛਲੀ ਵਾਰ ਕਾਂਗਰਸ ਦੀ ਉਮੀਦਵਾਰ ਰਹੀ ਭਵਿਆ ਬਿਸ਼ਨੋਈ ਹੁਣ ਭਾਜਪਾ ਦੀ ਟਿਕਟ 'ਤੇ ਆਦਮਪੁਰ ਤੋਂ ਵਿਧਾਇਕ ਬਣ ਗਈ ਹੈ।

ਜਜਪਾ ਨੇਤਾ ਦੁਸ਼ਯੰਤ ਚੌਟਾਲਾ ਕੁਝ ਦਿਨ ਪਹਿਲਾਂ ਤੱਕ ਗਠਜੋੜ ਦੇ ਆਧਾਰ 'ਤੇ ਸਰਕਾਰ ਵਿੱਚ ਡਿਪਟੀ ਸੀ ਐੱਮ ਸਨ। ਉਹ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਹਿਸਾਰ ਤੋਂ ਜਜਪਾ ਦੇ ਉਮੀਦਵਾਰ ਸਨ, ਪਰ ਉਨ੍ਹਾਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਇਸ ਵਾਰ ਜਜਪਾ ਲੋਕ ਸਭਾ ਚੋਣਾਂ ਲੜਨ ਬਾਰੇ ਅਜੇ ਤੱਕ ਕੋਈ ਫੈਸਲਾ ਨਹੀਂ ਲੈ ਸਕੀ ਹੈ। ਅਜੇ ਇਹ ਤੈਅ ਨਹੀਂ ਹੋਇਆ ਹੈ ਕਿ ਦੁਸ਼ਯੰਤ ਚੌਟਾਲਾ ਇੱਥੋਂ ਦੁਬਾਰਾ ਮੈਦਾਨ ਵਿੱਚ ਉਤਰਨਗੇ ਜਾਂ ਨਹੀਂ।

ਕਰਨਾਲ ਤੋਂ ਮੌਜੂਦਾ ਸੰਸਦ ਮੈਂਬਰ ਸੰਜੇ ਭਾਟੀਆ ਦੀ ਟਿਕਟ ਭਾਜਪਾ ਵੱਲੋਂ ਕੱਟ ਦਿੱਤੀ ਗਈ ਹੈ ਅਤੇ ਇਸ ਸੀਟ 'ਤੇ ਮੁੜ ਕਮਲ ਖਿੜਨ ਦੀ ਜ਼ਿੰਮੇਵਾਰੀ ਸੂਬੇ ਦੇ ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਨੂੰ ਦਿੱਤੀ ਗਈ ਹੈ।

ਭਾਜਪਾ ਨੇ ਕੁਰੂਕਸ਼ੇਤਰ ਤੋਂ ਭਾਜਪਾ ਦੇ ਸੰਸਦ ਮੈਂਬਰ ਨਾਇਬ ਸੈਨੀ ਨੂੰ ਮੁੱਖ ਮੰਤਰੀ ਬਣਾ ਕੇ ਇੱਥੇ ਵੀ ਆਪਣਾ ਚਿਹਰਾ ਬਦਲਣ ਦੀ ਤਿਆਰੀ ਕਰ ਲਈ ਹੈ। ਨਵੀਨ ਜਿੰਦਲ ਦੀ ਪਤਨੀ ਸ਼ਾਲੂ ਜਿੰਦਲ ਨੂੰ ਇੱਥੋਂ ਭਾਜਪਾ ਦੀ ਟਿਕਟ ਮਿਲਣ ਦੀ ਚਰਚਾ ਹੈ। ਨਵੀਨ ਜਿੰਦਲ ਕਾਂਗਰਸ ਦੀ ਟਿਕਟ 'ਤੇ ਦੋ ਵਾਰ ਕੁਰੂਕਸ਼ੇਤਰ ਤੋਂ ਸੰਸਦ ਮੈਂਬਰ ਰਹਿ ਚੁੱਕੇ ਹਨ।

ਇਸ ਤੋਂ ਇਲਾਵਾ ਨਵੀਨ ਜਿੰਦਲ ਦੇ ਪਿਤਾ ਓਪੀ ਜਿੰਦਲ ਅਤੇ ਮਾਂ ਸਾਵਿੱਤਰੀ ਜਿੰਦਲ ਵੀ ਭੁਪਿੰਦਰ ਸਿੰਘ ਹੁੱਡਾ ਦੀ ਸਰਕਾਰ ਵਿੱਚ ਮੰਤਰੀ ਰਹਿ ਚੁੱਕੇ ਹਨ। 2019 ਵਿੱਚ ਜੈਭਗਵਾਨ ਸ਼ਰਮਾ ਨੇ ਕੁਰੂਕਸ਼ੇਤਰ ਤੋਂ ਜਜਪਾ ਦੀ ਟਿਕਟ 'ਤੇ ਚੋਣ ਲੜੀ ਸੀ, ਪਰ ਹੁਣ ਉਹ ਭਾਜਪਾ ਵਿੱਚ ਸ਼ਾਮਲ ਹੋ ਗਏ ਹਨ। ਪਿਛਲੀ ਵਾਰ ਸੋਨੀਪਤ ਤੋਂ ਸਾਬਕਾ ਮੁੱਖ ਮੰਤਰੀ ਅਤੇ ਕਾਂਗਰਸ ਉਮੀਦਵਾਰ ਭੁਪਿੰਦਰ ਸਿੰਘ ਹੁੱਡਾ ਭਾਜਪਾ ਉਮੀਦਵਾਰ ਰਮੇਸ਼ ਕੌਸ਼ਿਕ ਤੋਂ ਹਾਰ ਗਏ ਸਨ ਅਤੇ ਜਜਪਾ ਨੇਤਾ ਦਿੱਗਵਿਜੇ ਚੌਟਾਲਾ ਵੀ ਇੱਥੇ ਕੋਈ ਕਰਿਸ਼ਮਾ ਨਹੀਂ ਵਿਖਾ ਸਕੇ ਸਨ। ਇਸ ਵਾਰ ਭਾਜਪਾ ਇੱਥੋਂ ਆਪਣਾ ਚਿਹਰਾ ਬਦਲਣ ਦੀ ਤਿਆਰੀ ਕਰ ਰਹੀ ਹੈ।

ਪਿਛਲੀਆਂ ਚੋਣਾਂ ਵਿੱਚ ਫਰੀਦਾਬਾਦ ਤੋਂ ਕਾਂਗਰਸ ਦੇ ਉਮੀਦਵਾਰ ਰਹੇ ਅਵਤਾਰ ਸਿੰਘ ਭਡਾਨਾ ਭਾਜਪਾ ਵਿੱਚ ਸ਼ਾਮਲ ਹੋਣ ਦੀ ਕੋਸ਼ਿਸ਼ ਕਰ ਰਹੇ ਹਨ। ਇੱਥੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਰਹੇ ਨਵੀਨ ਜੈਹਿੰਦ ਬਾਰੇ ਵੀ ਚਰਚਾ ਹੈ ਕਿ ਇਸ ਵਾਰ ਭਾਜਪਾ ਉਨ੍ਹਾਂ ਨੂੰ ਰੋਹਤਕ ਤੋਂ ਟਿਕਟ ਦੇ ਸਕਦੀ ਹੈ।

2019 ਦੀਆਂ ਲੋਕ ਸਭਾ ਚੋਣਾਂ ਵਿੱਚ ਹੁੱਡਾ ਦੇ ਗੜ੍ਹ ਰੋਹਤਕ ਤੋਂ ਕਾਂਗਰਸ ਉਮੀਦਵਾਰ ਦੀਪੇਂਦਰ ਹੁੱਡਾ ਨੂੰ ਭਾਜਪਾ ਦੇ ਡਾ: ਅਰਵਿੰਦ ਸ਼ਰਮਾ ਨੇ ਹਰਾਇਆ ਸੀ, ਪਰ ਇਸ ਵਾਰ ਭਾਜਪਾ ਨੇ ਅਜੇ ਤੱਕ ਡਾ: ਅਰਵਿੰਦ ਸ਼ਰਮਾ ਨੂੰ ਟਿਕਟ ਨਹੀਂ ਦਿੱਤੀ ਹੈ। ਪਿਛਲੀ ਵਾਰ ਵੀ ਉਨ੍ਹਾਂ ਨੂੰ ਆਖਰੀ ਸਮੇਂ ਟਿਕਟ ਦਿੱਤੀ ਗਈ ਸੀ ਅਤੇ ਉਸ ਸਮੇਂ ਉਹ ਕਾਂਗਰਸ ਵਿੱਚ ਜਾਣ ਦੀ ਤਿਆਰੀ ਕਰ ਰਹੇ ਸਨ । ਇਸ ਵਾਰ ਜੇਕਰ ਭਾਜਪਾ ਨੇ ਉਨ੍ਹਾਂ ਨੂੰ ਟਿਕਟ ਨਹੀਂ ਦਿੱਤੀ ਤਾਂ ਉਹ ਕਰਨਾਲ ਤੋਂ ਕਾਂਗਰਸ ਦੀ ਟਿਕਟ 'ਤੇ ਚੋਣ ਲੜ ਕੇ ਸਮੀਕਰਨ ਵਿਗਾੜ ਸਕਦੇ ਹਨ। ਹਾਲਾਂਕਿ ਕਿਆਸ ਲਗਾਏ ਜਾ ਰਹੇ ਹਨ ਕਿ ਭਾਜਪਾ ਉਨ੍ਹਾਂ ਨੂੰ ਸੋਨੀਪਤ ਭੇਜ ਸਕਦੀ ਹੈ। ਭਿਵਾਨੀ-ਮਹਿੰਦਰਗੜ੍ਹ ਵਿੱਚ ਭਾਜਪਾ ਨੇ ਫਿਰ ਤੋਂ ਧਰਮਬੀਰ ਸਿੰਘ 'ਤੇ ਆਪਣਾ ਦਾਅ ਖੇਡਿਆ ਹੈ, ਜਦੋਂ ਕਿ ਕਾਂਗਰਸ ਦੀ ਟਿਕਟ ਲਈ ਸ਼ਰੂਤੀ ਚੌਧਰੀ ਅਤੇ ਰਾਓ ਦਾਨ ਸਿੰਘ ਵਿਚਾਲੇ ਸਖਤ ਮੁਕਾਬਲਾ ਹੈ। ਅੰਬਾਲਾ ਵਿੱਚ ਰਤਨ ਲਾਲ ਕਟਾਰੀਆ ਦੀ ਮੌਤ ਤੋਂ ਬਾਅਦ ਭਾਜਪਾ ਨੇ ਉਨ੍ਹਾਂ ਦੀ ਪਤਨੀ ਬੰਤੋ ਕਟਾਰੀਆ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਹੈ।

ਇਹ ਲੇਖ ਲਿਖੇ ਜਾਣ ਤੱਕ ਭਾਜਪਾ ਵੱਲੋਂ ਹਰਿਆਣਾ ਦੀਆਂ ਛੇ ਸੀਟਾਂ ਲਈ ਆਪਣੇ ਉਮੀਦਵਾਰਾਂ ਦਾ ਐਲਾਨ ਕੀਤਾ ਗਿਆ ਹੈ ਜਦੋਂਕਿ ਕਾਂਗਰਸ ਸਹਿਤ ਹੋਰ ਕਿਸੇ ਵੀ ਪਾਰਟੀ ਨੇ ਅਜੇ ਤੱਕ ਆਪਣੇ ਸਿਆਸੀ ਪੱਤੇ ਨਹੀਂ ਖੋਲ੍ਹੇ ਹਨ।

 # ਸੰਪਰਕ : 94670—95953

ਮਹਿਕੇ ਰਹਿਣ ਹੋਲੀ ਦੇ ਰੰਗ

ਲਾਭ ਸਿੰਘ ਸ਼ੇਰਗਿੱਲ

ਬਸੰਤ ਆਉਣ ਨਾਲ ਪਾਲਾ ਘਟ ਜਾਂਦਾ ਹੈ ਤਾਂ ਹੀ ਇਹ ਕਹਾਵਤ ਬੋਲੀ ਜਾਂਦੀ ਹੈ ਕਿ 'ਆਈ ਬਸੰਤ ਪਾਲਾ ਉਡੰਤ'। ਬਸੰਤ ਰੁੱਤ ਦੀ ਆਮਦ ਨਾਲ ਪੱਤਝੜ ਦੀ ਮਾਰ 'ਚੋਂ ਨਿਕਲੇ ਰੁੱਖਾਂ ਦੀਆਂ ਕਰੂੰਬਲਾਂ ਫੁੱਟਣ ਲੱਗਦੀਆਂ ਹਨ। ਚਾਰੇ ਪਾਸੇ ਕੁਦਰਤ ਅੰਗੜਾਈ ਲੈਂਦੀ ਪ੍ਰਤੀਤ ਹੁੰਦੀ ਹੈ ਤੇ ਰੁੱਖਾਂ ਦੀਆਂ ਕੋਮਲ-ਕੋਮਲ ਪੱਤੀਆਂ ਜਿਵੇਂ ਇੱਕ-ਦੂਜੇ ਤੋਂ ਮੂਹਰੇ ਹੋ-ਹੋ ਕੇ ਆਪਣੇ ਹੁਸਨ ਦਾ ਜਲਵਾ ਦਿਖਾਉਂਦੀਆਂ ਹੋਈਆਂ ਪ੍ਰਤੀਤ ਹੁੰਦੀਆਂ ਹਨ। ਰੁੱਖ, ਬੂਟੇ ਆਪਣੇ ਜੋਬਨ ਵਿੱਚ ਜਿਵੇਂ ਮਸਤ ਹੋਏ ਹੋਣ। ਇਸ ਖਿਲ ਰਹੀ ਬਹਾਰ ਦੇ ਆਸ਼ਕ ਭੰਵਰੇ, ਤਿੱਤਲੀਆਂ ਤੇ ਹੋਰ ਛੋਟੇ-ਛੋਟੇ ਜੀਵ ਇਨ੍ਹਾਂ ਦੇ ਦੁਆਲੇ ਮੰਡਰਾਉਣਾ ਸ਼ੁਰੂ ਕਰ ਦਿੰਦੇ ਹਨ ਤੇ ਇਹ ਫੁੱਲ-ਬੂਟੇ ਹੋਰ ਵੀ ਮਸਤੀ ਵਿੱਚ ਆ ਕੇ ਝੂਮਦੇ ਤੇ ਨਖਰੇਬਾਜ਼ ਹੋਏ ਨਜ਼ਰੀਂ ਆਉਂਦੇ ਹਨ। ਕਿੰਨਾ ਸੁੰਦਰ ਨਜ਼ਾਰਾ ਹੁੰਦਾ ਹੈ, ਚਾਰੇ ਪਾਸੇ ਜਿੱਧਰ ਵੀ ਨਜ਼ਰ ਜਾਂਦੀ ਹੈ, ਇਸ ਤਰ੍ਹਾਂ ਲੱਗਦਾ ਹੈ ਜਿਵੇਂ ਇਹ ਸਾਰੇ ਨਵੇਂ ਕੱਪੜੇ ਪਾ ਕੇ ਕਿਸੇ ਮੇਲੇ ਜਾਂ ਵਿਆਹ-ਸ਼ਾਦੀ ਲਈ ਤਿਆਰ ਖੜੇ ਹੋਣ ਕਿ ਕੋਈ ਆਵੇ ਤੇ ਸਾਨੂੰ ਆਪਣੇ ਨਾਲ ਲੈ ਜਾਵੇ ਖੁਸ਼ੀਆਂ ਸਾਂਝੀਆਂ ਕਰਨ ਲਈ, ਪਰ ਇਨ੍ਹਾਂ ਨੇ ਤਾਂ ਆਪਣੀ ਇੱਕ ਥਾਂ 'ਤੇ ਰਹਿੰਦਿਆਂ ਹੀ ਮਾਨਵਤਾ ਤੇ ਕੁੱਲ ਕਾਇਨਾਤ ਨੂੰ ਆਨੰਦ ਤੇ ਸੁੱਖ ਦੇਣ ਦਾ ਕਾਰਜ ਕਰਨਾ ਹੁੰਦਾ ਹੈ। ਚੇਤ ਮਾਹ ਦੇ ਆਰੰਭ ਹੋਣ ਨਾਲ ਦੇਸੀ ਵਰ੍ਹੇ ਦਾ ਆਗਾਜ਼ ਹੁੰਦਾ ਹੈ। ਸਭ ਦੇ ਮਨਾਂ ਵਿੱਚ ਨਵੇਂ ਵਰ੍ਹੇ 'ਤੇ ਕੁੱਝ ਨਵਾਂ ਤੇ ਵਧੀਆ ਕਰਨ ਦਾ ਨਿਰਾਲਾ ਉਤਸ਼ਾਹ ਦੇਖਣ ਨੂੰ ਮਿਲਦਾ ਹੈ। ਫੱਗਣ ਦੇ ਅਖੀਰ ਜਾਂ ਚੇਤ ਦੇ ਸ਼ੁਰੂ ਵਾਲਾ ਸਮਾਂ ਫੁਟਾਰੇ (ਦਰੱਖਤਾਂ ਦੇ ਨਵੇਂ ਪੱਤੇ ਆਉਣਾ) ਦੇ ਨਾਲ-ਨਾਲ ਰੰਗਾਂ ਦੇ ਤਿਉਹਾਰ ਹੋਲੀ ਨੂੰ ਵੀ ਲੈ ਕੇ ਆਉਂਦਾ ਹੈ। ਹੋਲੀ ਦਾ ਉਤਸਵ ਪੂਰੇ ਦੇਸ਼ ਵਿੱਚ ਬੜੇ ਉਲਾਸ ਨਾਲ ਮਨਾਇਆ ਜਾਂਦਾ ਹੈ। ਛੋਟੇ ਕੀ, ਵੱਡੇ ਕੀ, ਸਾਰੇ ਰੰਗ-ਬਿਰੰਗੇ ਹੋਏ ਨਜ਼ਰ ਆਉਂਦੇ ਹਨ, ਕਿਸੇ ਨੂੰ ਕਿਸੇ ਦੀ ਪਛਾਣ ਵੀ ਨਹੀਂ ਆਉਂਦੀ। ਮੂੰਹ ਸਿਰ ਸਭ ਰੰਗੇ ਦਿਖਾਈ ਦਿੰਦੇ ਹਨ। ਰੁੱਸਿਆਂ ਨੂੰ ਮਨਾਉਣ ਦਾ ਇਹ ਚ

25-MAR-PAGE-5.qxd 3/24/2024 9:49 PM Page 1

ਏ ਡੀ ਜੀ ਪੀ ਢਿੱਲੋਂ ਨੇ ਪ੍ਰਭਾਵਿਤ ਪਿੰਡਾਂ 'ਚ ਜਾ ਕੇ ਪੀੜਤ ਪਰਵਾਰਾਂ ਨਾਲ ਦੁੱਖ ਵੰਡਾਇਆ

ਸੰਗਰੂਰ (ਪ੍ਰਵੀਨ ਸਿੰਘ)

ਪੰਜਾਬ ਪੁਲਸ ਦੇ ਏ.ਡੀ.ਜੀ.ਪੀ. (ਲਾਅ ਐਂਡ ਆਰਡਰ) ਗੁਰਿੰਦਰ ਸਿੰਘ ਢਿੱਲੋਂ, ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਤੇ ਐੱਸ ਐੱਸ ਪੀ ਸਰਤਾਜ ਸਿੰਘ ਚਹਿਲ ਨੇ ਪਿੰਡ ਗੁੱਜਰਾਂ ਵਿਖੇ ਪਹੁੰਚ ਕੇ ਪੀੜਤ ਪਰਿਵਾਰਾਂ ਨਾਲ ਦੁੱਖ ਵੰਡਾਇਆ। ਇਸ ਮੌਕੇ ਉਨ੍ਹਾਂ ਪੀੜਤ ਪਰਿਵਾਰਾਂ ਨੂੰ ਭਰੋਸਾ ਦਿੱਤਾ ਕਿ ਇਸ ਦੁਖਾਂਤਕ ਘਟਨਾ ਲਈ ਜ਼ਿੰਮੇਵਾਰ ਵਿਅਕਤੀਆਂ ਖਿਲਾਫ਼ ਪੁਲਸ ਵੱਲੋਂ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਡੀ.ਜੀ.ਪੀ. ਪੰਜਾਬ ਦੀਆਂ ਹਦਾਇਤਾਂ 'ਤੇ ਨਵੀਂ ਸਪੈਸ਼ਲ ਇਨਵੈਸਟੀਗੇਸ਼ਨ ਟੀਮ (ਸਿਟ) ਦਾ ਗਠਨ ਕੀਤਾ ਗਿਆ ਹੈ, ਜਿਸ ਦੀ ਅਗਵਾਈ ਉਹ ਖੁਦ ਕਰ ਰਹੇ ਹਨ, ਜਦਕਿ ਇਸ ਵਿੱਚ ਡੀ.ਆਈ.ਜੀ. ਪਟਿਆਲਾ ਰੇਂਜ ਹਰਚਰਨ ਸਿੰਘ ਭੁੱਲਰ ਤੇ ਐੱਸ.ਐੱਸ.ਪੀ. ਸਰਤਾਜ ਸਿੰਘ ਚਹਿਲ ਨੂੰ ਵੀ ਸ਼ਾਮਲ ਕੀਤਾ ਗਿਆ ਹੈ ਤਾਂ ਜੋ ਮਾਮਲੇ ਦੀ ਤਹਿ ਤੱਕ ਜਾਂਚ ਕਰਦੇ ਹੋਏ ਸਾਰੇ ਤੱਥ ਸਾਹਮਣੇ ਲਿਆਂਦੇ ਜਾ ਸਕਣ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਵਿੱਚ 3 ਵੱਖ-ਵੱਖ ਐੱਫ.ਆਈ.ਆਰ. ਦਰਜ ਕਰਕੇ ਹੁਣ ਤੱਕ ਦੋ ਮੁੱਖ ਮੁਲਜ਼ਮਾਂ ਸਮੇਤ 8 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ।

ਇਸ ਮੌਕੇ ਏ.ਡੀ.ਜੀ.ਪੀ. ਢਿੱਲੋਂ ਨੇ ਅਪੀਲ ਕਰਦਿਆਂ ਕਿਹਾ ਜੇਕਰ ਕਿਸੇ ਵੀ ਵਿਅਕਤੀ ਕੋਲ ਕਿਸੇ ਵੀ ਮਾਤਰਾ ਵਿੱਚ ਇਹੋ ਜਿਹੀ ਜਾਂ ਇਸ ਦੇ ਨਾਲ ਮਿਲਦੀ ਜੁਲਦੀ ਅਣ-ਅਧਿਕਾਰਤ ਸ਼ਰਾਬ ਪਈ ਹੈ ਤਾਂ ਉਹ ਇਸ ਦਾ ਸੇਵਨ ਬਿਲਕੁਲ ਨਾ ਕਰਨ ਅਤੇ ਉਹ ਪੁਲਸ ਜਾਂ ਘਰ ਘਰ ਵਿੱਚ ਸਰਵੇਖਣ ਕਰ ਰਹੀਆਂ ਟੀਮਾਂ ਨੂੰ ਜਮ੍ਹਾਂ ਕਰਵਾ ਦੇਣ। ਉਨ੍ਹਾਂ ਲੋਕ ਹਿੱਤ ਵਿੱਚ ਅਪੀਲ ਕਰਦਿਆਂ ਕਿਹਾ ਕਿ ਸਸਤੀ ਤੇ ਗੈਰ-ਕਾਨੂੰਨੀ ਢੰਗ ਨਾਲ ਕਿਸੇ ਵੀ ਅਣ-ਅਧਿਕਾਰਤ ਵਿਅਕਤੀ ਤੋਂ ਸ਼ਰਾਬ ਦੀ ਖਰੀਦ ਬਿਲਕੁਲ ਨਾ ਕੀਤੀ ਜਾਵੇ, ਕਿਉਂਕਿ ਇਹ ਜਾਨਲੇਵਾ ਸਾਬਿਤ ਹੋ ਸਕਦੀ ਹੈ।

ਇਸ ਮੌਕੇ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਇਸ ਅਣਸੁਖਾਵੀਂ ਘਟਨਾ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਦੱਸਿਆ ਕਿ ਇਸ ਦੁਖਾਂਤਕ ਘਟਨਾ ਤੋਂ ਤੁਰੰਤ ਬਾਅਦ ਹੀ ਪੁਲਸ ਤੇ ਪ੍ਰਸ਼ਾਸਨ 'ਤੇ ਅਧਾਰਤ ਵੱਡੀ ਗਿਣਤੀ ਟੀਮਾਂ ਵੱਲੋਂ ਅਹਿਤਿਆਤ ਵਜੋਂ ਪਿੰਡ ਗੁੱਜਰਾਂ, ਢੰਡੋਲੀ ਖੁਰਦ, ਜਖੇਪਾਲਵਾਸ ਤੇ ਟਿੱਬੀ ਰਵੀਦਾਸਪੁਰਾ ਵਿਖੇ ਘਰ ਘਰ ਜਾ ਕੇ ਸਰਵੇਖਣ ਆਰੰਭ ਕਰ ਦਿੱਤਾ ਗਿਆ ਸੀ, ਜੋ ਹੁਣ ਵੀ ਨਿਰੰਤਰ ਜਾਰੀ ਹੈ। ਉਨ੍ਹਾਂ ਕਿਹਾ ਕਿ ਸਰਵੇਖਣ ਦਾ ਪਹਿਲਾ ਰਾਊਂਡ ਮੁਕੰਮਲ ਹੋਣ ਤੋਂ ਬਾਅਦ ਦੂਜਾ ਸ਼ੁਰੂ ਕਰ ਦਿੱਤਾ ਗਿਆ ਹੈ। ਉਨ੍ਹਾਂ ਵੀ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਵਿਅਕਤੀ ਵਿੱਚ ਅਜਿਹੀ ਸ਼ਰਾਬ ਪੀਣ ਤੋਂ ਬਾਅਦ ਮੁਢਲੇ ਤੌਰ 'ਤੇ ਕੋਈ ਲੱਛਣ ਸਾਹਮਣੇ ਆ ਰਹੇ ਹਨ ਤਾਂ ਉਹ ਲਾਜ਼ਮੀ ਤੌਰ 'ਤੇ ਮੈਡੀਕਲ ਸੇਵਾਵਾਂ ਦਾ ਲਾਭ ਲਵੇ। ਇਸ ਮੌਕੇ ਏ.ਡੀ.ਜੀ.ਪੀ. (ਲਾਅ ਐਂਡ ਆਰਡਰ) ਗੁਰਿੰਦਰ ਸਿੰਘ ਢਿੱਲੋਂ, ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਤੇ ਐੱਸ.ਐੱਸ.ਪੀ. ਸਰਤਾਜ ਸਿੰਘ ਚਹਿਲ ਨੇ ਮ੍ਰਿਤਕ ਵਿਅਕਤੀਆਂ ਦੇ ਪਰਿਵਾਰਾਂ ਕੋਲ ਜਾ ਕੇ ਉਨ੍ਹਾਂ ਨਾਲ ਦੁੱਖ ਵੰਡਾਇਆ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ, ਐੱਸ.ਡੀ.ਐੱਮ. ਰਾਜੇਸ਼ ਸ਼ਰਮਾ, ਐੱਸ.ਪੀ. ਪਲਵਿੰਦਰ ਸਿੰਘ ਚੀਮਾ ਸਮੇਤ ਹੋਰ ਅਧਿਕਾਰੀ ਹਾਜ਼ਰ ਸਨ।

ਬਲੈਕਮੇਲਿੰਗ ਦੇ ਦੋਸ਼ 'ਚ ਇੱਕ ਔਰਤ ਗ੍ਰਿਫਤਾਰ, ਇੱਕ ਫਰਾਰ

ਮਲੋਟ (ਗੁਰਮੀਤ ਸਿੰਘ ਮੱਕੜ)

ਸਥਾਨਕ ਥਾਣਾ ਸਿਟੀ ਪੁਲਸ ਨੇ ਇੱਕ ਵਿਅਕਤੀ ਨੂੰ ਬਲੈਕਮੇਲ ਕਰਨ ਦੇ ਦੋਸ਼ ਹੇਠ ਦੋ ਔਰਤਾਂ 'ਤੇ ਮਾਮਲਾ ਦਰਜ ਕਰਕੇ ਇੱਕ ਔਰਤ ਨੂੰ ਕਾਬੂ ਕਰ ਲਿਆ ਹੈ। ਪੁਲਸ ਨੂੰ ਦਿੱਤੇ ਆਪਣੇ ਬਿਆਨਾਂ ਵਿੱਚ ਮੱਲਾ ਸਿੰਘ ਵਾਸੀ ਡੱਬਵਾਲੀ ਮਲਕੋ ਨੇ ਦੱਸਿਆ ਕਿ ਉਹ ਆਪਣੇ ਮੋਟਰਸਾਈਕਲ 'ਤੇ ਆਪਣੇ ਘਰੇਲੂ ਕੰਮ ਸਬੰਧੀ ਮਲੋਟ ਆ ਰਿਹਾ ਸੀ ਤਾਂ ਉਹ ਟਰੱਕ ਯੂਨੀਅਨ ਮਲੋਟ ਦੇ ਕੱਟ ਕੋਲ ਲੱਗੀਆਂ ਬੱਤੀਆਂ 'ਤੇ ਲਾਲ ਬੱਤੀ ਹੋਣ ਕਰਕੇ ਰੁਕਿਆ ਹੋਇਆ ਸੀ ਤਾਂ ਉੱਥੇ ਇੱਕ ਔਰਤ ਖੜੀ ਹੋਈ ਸੀ, ਜਿਸ ਨੇ ਉਸ ਨੂੰ ਕਿਹਾ ਕਿ ਉਸ ਦੇ ਸਿਰ ਵਿੱਚ ਦਰਦ ਹੋ ਰਿਹਾ ਹੈ, ਉਹ ਉਸ ਬੱਸ ਸਟੈਂਡ ਕੋਲ ਛੱਡ ਆਵੇ ਤਾਂ ਉਹ ਉਸ ਔਰਤ ਨੂੰ ਇਨਸਾਨੀਅਤ ਦੇ ਤੌਰ 'ਤੇ ਆਪਣੇ ਮੋਟਰਸਾਈਕਲ ਦੇ ਪਿੱਛੇ ਬਿਠਾ ਕੇ ਉਕਤ ਔਰਤ ਨੂੰ ਬੱਸ ਸਟੈਂਡ ਕੋਲ ਪੁੱਜਾ ਤਾਂ ਉਕਤ ਔਰਤ ਵੱਲੋਂ ਉਸ ਨੂੰ ਸਿਰ ਦਰਦ ਜ਼ਿਆਦਾ ਹੋਣ ਦਾ ਬਹਾਨਾ ਬਣਾ ਕੇ ਬੱਸ ਸਟੈਂਡ ਦੀ ਬੈਕ ਸਾਈਡ ਛੱਡ ਦੇਣ ਲਈ ਕਿਹਾ ਤਾਂ ਉਹ ਉਸ ਔਰਤ ਨੂੰ ਉਸ ਦੇ ਘਰ ਬਾਹਰ ਉਤਾਰ ਦਿੱਤਾ ਤਾਂ ਉਕਤ ਔਰਤ ਵੱਲੋਂ ਉਸ ਨੂੰ ਘਰ ਦੇ ਅੰਦਰ ਆ ਕੇ ਪਾਣੀ ਪੀਣ ਲਈ ਕਿਹਾ ਅਤੇ ਜਦੋਂ ਉਹ ਉਕਤ ਔਰਤ ਦੇ ਘਰ ਪਾਣੀ ਪੀਣ ਲਈ ਗਿਆ ਤਾਂ ਉਸ ਦੇ ਘਰ ਇੱਕ ਹੋਰ ਔਰਤ ਮੌਜੂਦ ਸੀ। ਉਸ ਨੇ ਦੱਸਿਆ ਕਿ ਜੋ ਔਰਤ ਉਸ ਨਾਲ ਆਈ ਸੀ, ਉਸ ਵੱਲੋਂ ਘਰ ਦੇ ਗੇਟ ਦਾ ਕੁੰਡਾ ਲਗਾ ਲਿਆ ਗਿਆ ਤੇ ਉਸ ਦੇ ਮੋਟਰਸਾਈਕਲ ਦੀ ਚਾਬੀ ਵੀ ਉਸ ਕੋਲੋਂ ਖੋਹ ਲਈ ਗਈ ਅਤੇ ਘਰ ਵਿੱਚ ਮੌਜੂਦ ਔਰਤ ਵੱਲੋਂ ਧਮਕੀ ਦਿੱਤੀ ਗਈ ਕਿ ਉਹ ਉਨ੍ਹਾਂ ਨੂੰ 10 ਹਜ਼ਾਰ ਰੁਪਏ ਦੇਵੇ ਨਹੀਂ ਤਾਂ ਉਹ ਉਸ ਦੇ ਖਿਲਾਫ਼ ਘਰ ਵਿੱਚ ਜ਼ਬਰਦਸਤੀ ਦਾਖਲ ਹੋ ਕੇ ਛੇੜਛਾੜ ਦਾ ਝੂਠਾ ਕੇਸ ਬਣਾਉਣਗੇ, ਜਿਸ ਨਾਲ ਉਸ ਦੀ ਸਮਾਜ ਵਿੱਚ ਬਦਨਾਮੀ ਹੋਵੇਗੀ। ਉਸ ਨੇ ਉਕਤ ਔਰਤਾਂ ਨੂੰ ਕਿਹਾ ਕਿ ਉਸ ਕੋਲ ਹੁਣ 10 ਹਜ਼ਾਰ ਰੁਪਏ ਨਹੀਂ ਹਨ ਤਾਂ ਉਕਤ ਔਰਤਾਂ ਨੇ ਕਿਹਾ ਕਿ ਉਹ ਉਸ ਦਾ ਮੋਟਰਸਾਈਕਲ ਆਪਣੇ ਕੋਲ ਰੱਖ ਲੈਂਦੇ ਹਨ, ਉਹ ਉਨ੍ਹਾਂ ਨੂੰ 10 ਹਜ਼ਾਰ ਰੁਪਏ ਲਿਆ ਕੇ ਦੇਵੇ। ਉਸ ਨੇ ਦੱਸਿਆ ਕਿ ਜਦੋਂ ਉਹ ਪੈਸੇ ਲੈਣ ਆਪਣੇ ਘਰ ਜਾ ਰਿਹਾ ਸੀ ਤਾਂ ਉਸ ਭਤੀਜਾ ਆਲਮਜੀਤ ਸਿੰਘ ਦਾਨੇਵਾਲਾ ਚੌਕ ਕੋਲ ਮਿਲ ਗਿਆ, ਜਿਸ ਨੂੰ ਉਸ ਨੇ ਸਾਰੀ ਗੱਲ ਦੱਸੀ ਤਾਂ ਉਸ ਵੱਲੋਂ ਆਪਣੇ ਭਤੀਜੇ ਨੂੰ ਨਾਲ ਲੈ ਕੇ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਜਿਸ ਘਰ ਵਿੱਚ ਉਕਤ ਔਰਤ ਉਸ ਨੂੰ ਨਾਲ ਲੈ ਕੇ ਗਈ ਸੀ, ਉਸ ਘਰ ਵਿੱਚ ਮੌਜੂਦ ਔਰਤ ਦਾ ਨਾਮ ਊਸ਼ਾ ਵਾਸੀ ਅਮਨ ਨਗਰ ਮਲੋਟ ਹੈ ਤੇ ਜੋ ਔਰਤ ਉਸ ਨਾਲ ਆਈ ਸੀ, ਉਸ ਬਾਰੇ ਕੁੱਝ ਪਤਾ ਨਹੀਂ ਲੱਗਿਆ, ਜਿਸ ਉਪਰੰਤ ਉਨ੍ਹਾਂ ਵੱਲੋਂ ਥਾਣਾ ਸਿਟੀ ਪੁਲਸ ਨੂੰ ਇਸ ਸਬੰਧੀ ਸੂਚਨਾ ਦਿੱਤੀ ਗਈ। ਥਾਣਾ ਸਿਟੀ ਪੁਲਸ ਨੇ ਬਿਆਨਾਂ ਦੇ ਆਧਾਰ 'ਤੇ ਧਾਰਾ 384, 506, 34 ਤਹਿਤ ਮਾਮਲਾ ਦਰਜ ਕਰਕੇ ਕਾਰਵਾਈ ਕਰਦੇ ਹੋਏ ਉਕਤ ਔਰਤ ਊਸ਼ਾ ਨੂੰ ਕਾਬੂ ਕਰ ਲਿਆ ਹੈ, ਜਦਕਿ ਇੱਕ ਔਰਤ ਦੀ ਗ੍ਰਿਫ਼ਤਾਰੀ ਹਾਲੇ ਬਾਕੀ ਹੈ।

ਇੰਗਲਿਸ਼ ਸਟੂਡੀਓ ਸੰਸਥਾ ਵੀਜ਼ੇ ਲਵਾਉਣ 'ਚ ਮਾਹਰ : ਬਾਂਸਲ, ਕਾਲੜਾ

ਬਾਘਾ ਪੁਰਾਣਾ (ਮਨੀ ਸਿੰਗਲਾ)-ਸਥਾਨਕ ਸ਼ਹਿਰ ਦੀ ਕੋਟਕਪੂਰਾ ਸੜਕ ਉੱਪਰਲੇ ਪੈਟਰੋਲ ਪੰਪ ਦੇ ਸਾਹਮਣੇ ਸਥਿਤ ਨਾਮਵਾਰ ਸੰਸਥਾ ਇੰਗਲਿਸ਼ ਸਟੂਡੀਓ, ਜੋ ਕਿ ਵਿਦਆਰਥੀਆਂ ਨੂੰ ਆਈਲੈਟਸ ਦੀ ਪ੍ਰੀਖਿਆ ਸਬੰਧੀ ਸ਼ਾਨਦਾਰ ਕੋਚਿੰਗ ਦੇ ਰਹੀ ਹੈ ਤੇ ਚੰਗੇ ਬੈਂਡ ਦਿਵਾ ਕੇ ਇੰਮੀਗ੍ਰੇਸ਼ਨ ਦੇ ਖੇਤਰ ਵਿੱਚ ਵੀ ਉੱਚ ਸੇਵਾਵਾਂ ਪ੍ਰਦਾਨ ਕਰਵਾ ਰਹੀ ਹੈ, ਜਿਸ ਕਰਕੇ ਵਿਦਿਆਰਥੀ ਤੇ ਵਿਦੇਸ਼ ਘੁੰਮਣ ਜਾਣ ਦੇ ਚਾਹਵਾਨ ਆਏ ਦਿਨ ਆਪਣੇ ਵਿਦੇਸ਼ ਜਾਣ ਦੇ ਸੁਪਨਿਆਂ ਨੂੰ ਸਾਕਾਰ ਕਰ ਰਹੇ ਹਨ। ਇਸੇ ਕੜੀ ਤਹਿਤ ਇਸ ਵਾਰ ਸੰਸਥਾ ਨੇ ਠਾਣਾ ਸਿੰਘ ਚਹਿਲ ਤੇ ਮਹਿੰਦਰ ਕੌਰ ਵਾਸੀ ਘੱਲ ਕਲਾਂ ਦਾ 10 ਸਾਲ ਦਾ ਕੈਨੇਡਾ ਦਾ ਵੀਜ਼ਾ ਲਗਵਾ ਕੇ ਦਿੱਤਾ ਹੈ। ਇਸ ਮੌਕੇ ਸੰਸਥਾ ਦੇ ਮੁਖੀ ਪੰਕਜ ਬਾਂਸਲ ਤੇ ਗੌਰਵ ਕਾਲੜਾ ਨੇ ਦੱਸਿਆ ਕਿ ਇੰਗਲਿਸ਼ ਸਟੂਡੀਓ ਸੰਸਥਾ ਕੈਨੇਡਾ ਦੇ ਸਟੱਡੀ ਵੀਜ਼ੇ ਲਈ ਮੋਹਰੀ ਸੰਸਥਾ ਹੈ। ਇਸ ਮੌਕੇ ਉਨ੍ਹਾਂ ਥਾਣਾ ਸਿੰਘ ਚਹਿਲ ਤੇ ਮਹਿੰਦਰ ਕੌਰ ਨੂੰ ਕੈਨੇਡਾ ਵੀਜ਼ੇ ਦੀ ਕਾਪੀ ਸੌਂਪਦਿਆਂ ਵਧਾਈ ਦਿੱਤੀ।

ਪੰਜਾਬੀਆਂ ਦੇ ਸੁਨਹਿਰੀ ਭਵਿੱਖ ਨੂੰ ਸਿਰਜਣ ਦੇ ਸਮਰੱਥ ਹੈ ਸ਼੍ਰੋਮਣੀ ਅਕਾਲੀ ਦਲ : ਨਿਹਾਲ ਸਿੰਘ

ਅਜੀਤਵਾਲ (ਨਛੱਤਰ ਸੰਧੂ)-'ਸ੍ਰ. ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਆਰੰਭੀ 'ਪੰਜਾਬ ਬਚਾਓ ਯਾਤਰਾ' ਨੂੰ ਪੰਜਾਬੀਆਂ ਨੇ ਭਰਵਾਂ ਹੁੰਗਾਰਾ ਦੇ ਕੇ ਸਿੱਧ ਕੀਤਾ ਹੈ ਕਿ 100 ਸਾਲਾਂ ਦੀ ਪੰਥਕ ਵਿਰਾਸਤ ਵਾਲੇ ਸ਼੍ਰੋਮਣੀ ਅਕਾਲੀ ਦਲ ਤੋਂ ਇਲਾਵਾ ਹੋਰ ਕੋਈ ਵੀ ਪਾਰਟੀ ਪੰਜਾਬ ਹਿਤੈਸ਼ੀ ਹੋਣ ਦਾ ਦਾਅਵਾ ਨਹੀਂ ਕਰ ਸਕਦੀ।' ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਸਰਕਲ ਪ੍ਰਧਾਨ ਨਿਹਾਲ ਸਿੰਘ ਸਰਪੰਚ ਤਲਵੰਡੀ ਭਗੇਰੀਆਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ੍ਰ. ਸੁਖਬੀਰ ਸਿੰਘ ਬਾਦਲ ਨੂੰ ਸਨਮਾਨਤ ਕਰਨ ਉਪਰੰਤ ਕੀਤਾ। ਨਿਹਾਲ ਸਿੰਘ ਤਲਵੰਡੀ ਭੰਗੇਰੀਆਂ ਨੇ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਨੇ ਪਹਿਲਾਂ ਸ੍ਰ. ਪ੍ਰਕਾਸ਼ ਸਿੰਘ ਬਾਦਲ ਦੇ ਕਾਰਜਕਾਲ ਦੌਰਾਨ ਸੂਬੇ ਦਾ ਬਹੁਪੱਖੀ ਵਿਕਾਸ ਕਰਵਾਇਆ ਤੇ ਹੁਣ ਪੰਜਾਬੀਆਂ ਦੇ ਹਿੱਤਾਂ ਲਈ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਲਾਮਬੰਦੀ ਕੀਤੀ ਜਾ ਰਹੀ ਹੈ। ਉਨ੍ਹਾ ਆਖਿਆ ਕਿ 'ਪੰਜਾਬ ਬਚਾਓ ਯਾਤਰਾ' ਦੌਰਾਨ ਜਿੱਥੇ ਹਾਈ ਕਮਾਂਡ, ਅਕਾਲੀ ਆਗੂ ਤੇ ਵਰਕਰ ਪੂਰੇ ਉਤਸ਼ਾਹ ਨਾਲ ਸ਼ਾਮਲ ਹੋ ਰਹੇ ਨੇ, ਉੱਥੇ ਆਮ ਲੋਕਾਂ ਦੀ ਸ਼ਮੂਲੀਅਤ ਸਿੱਧ ਕਰਦੀ ਹੈ ਕਿ ਲੋਕਾਂ ਨੇ ਇਹ ਤਸਲੀਮ ਕਰ ਲਿਆ ਹੈ ਕਿ ਸਿਰਫ਼ ਤੇ ਸਿਰਫ਼ ਸ਼੍ਰੋਮਣੀ ਅਕਾਲੀ ਦਲ ਹੀ ਪੰਜਾਬ ਦਾ ਵਿਕਾਸ ਕਰਵਾਉਂਦਿਆਂ ਪੰਜਾਬੀਆਂ ਦਾ ਸੁਨਹਿਰੀ ਭਵਿੱਖ ਸਿਰਜ ਸਕਦਾ ਹੈ। ਉਨ੍ਹਾ ਸਮੂਹ ਆਗੂਆਂ ਤੇ ਵਰਕਰਾਂ ਦਾ 'ਪੰਜਾਬ ਬਚਾਓ ਯਾਤਰਾ' ਨੂੰ ਸਫ਼ਲ ਬਣਾਉਣ ਲਈ ਧੰਨਵਾਦ ਵੀ ਕੀਤਾ।

ਕਾਤਰਾਂ

ਭ੍ਰਿਸ਼ਟਾਚਾਰ ਵਿਰੋਧੀ ਫਰੰਟ ਦੀ ਮੀਟਿੰਗ

ਮਾਛੀਵਾੜਾ ਸਾਹਿਬ (ਸ਼ੌਕੀ ਸ਼ਰਮਾ, ਜਗਦੀਸ਼ ਰਾਏ)-ਭ੍ਰਿਸ਼ਟਾਚਾਰ ਵਿਰੋਧੀ ਫਰੰਟ ਦੀ ਇੱਕ ਹੰਗਾਮੀ ਮੀਟਿੰਗ ਸੀਨੀਅਰ ਮੀਤ ਪ੍ਰਧਾਨ ਹਰਮਿੰਦਰ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਭਖਦੇ ਮਸਲਿਆਂ 'ਤੇ ਖੁੱਲ੍ਹ ਕੇ ਵਿਚਾਰ ਚਰਚਾ ਕੀਤੀ ਗਈ। ਮੀਟਿੰਗ ਉਪਰੰਤ ਪੱਤਰਕਾਰਾਂ ਨੂੰ ਪ੍ਰੈੱਸ ਨੋਟ ਜਾਰੀ ਕਰਦਿਆਂ ਦੱਸਿਆ ਕਿ ਨੰਬਰਦਾਰ ਗਿੱਲ ਨੇ ਦੱਸਿਆ ਕਿ ਮੀਟਿੰਗ ਵਿੱਚ ਦੇਸ਼ ਨੂੰ ਅਜ਼ਾਦ ਕਰਵਾਉਣ ਵਿੱਚ ਜਾਨਾਂ ਵਾਰਨ ਵਾਲੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਸ਼ਹਾਦਤ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਮੀਟਿੰਗ ਵਿੱਚ ਹੋਰ ਵੀ ਕਈ ਮਤੇ ਪਾਸ ਕੀਤੇ ਗਏ। ਇਸ ਮੌਕੇ ਜਗਮੋਹਨ ਸਿੰਘ ਰਹੀਮਾਬਾਦ, ਮਾ. ਬਖ਼ਸ਼ੀ ਰਾਮ, ਬਹਾਦਰ ਸਿੰਘ ਔਜਲਾ, ਸੁਰਿੰਦਰ ਸਿੰਘ ਗਿੱਲ, ਸੁਭਾਸ਼ ਨਾਗਪਾਲ, ਰਮਨ ਸੂਦ ਮੌਜੂਦ ਸਨ।

ਪੱਤਰਕਾਰ ਅਣਖੀ ਨੂੰ ਪੋਤਰੇ ਦੀ ਦਾਤ

ਮਹਿਲ ਕਲਾਂ (ਬਲਵਿੰਦਰ ਵਜੀਦਕੇ)-ਕਸਬਾ ਮਹਿਲ ਕਲਾਂ ਤੋਂ ਸੀਨੀਅਰ ਪੱਤਰਕਾਰ ਅਵਤਾਰ ਸਿੰਘ ਅਣਖੀ ਨੂੰ ਪ੍ਰਮਾਤਮਾ ਨੇ ਪੋਤਰੇ ਦੀ ਦਾਤ ਬਖਸ਼ੀ ਹੈ। ਸ੍ਰ. ਅਵਤਾਰ ਸਿੰਘ ਅਣਖੀ ਦੇ ਸਪੁੱਤਰ ਇੰਜੀਨੀਅਰ ਜਗਦੀਪ ਸਿੰਘ ਅਣਖੀ, ਜੋ ਆਸਟਰੇਲੀਆ ਵਿਖੇ ਰਹਿੰਦੇ ਹਨ, ਦੇ ਘਰ ਬੇਟੇ ਨੇ ਜਨਮ ਲਿਆ ਹੈ। ਸਮੂਹ ਗੁਣਤਾਜ ਪ੍ਰੈੱਸ ਕਲੱਬ ਵੱਲੋਂ ਅਣਖੀ ਪਰਿਵਾਰ ਨੂੰ ਬਹੁਤ ਬਹੁਤ ਮੁਬਾਰਕਾਂ ਦਿੰਦੇ ਹੋਏ ਵਾਹਿਗੁਰੂ ਅੱਗੇ ਅਰਦਾਸ ਕੀਤੀ ਗਈ ਕਿ ਸਾਡੇ ਇਸ ਨੰਨ੍ਹੇ ਫਰਜੰਦ ਨੂੰ ਵਾਹਿਗੁਰੂ ਲੰਬੀਆਂ ਉਮਰਾਂ ਤੇ ਹਰ ਮੈਦਾਨ ਤਰੱਕੀਆਂ ਬਖਸ਼ਿਸ਼ ਕਰਨ।

ਚੋਣ ਕਮਿਸ਼ਨ ਵੱਲੋਂ ਐੱਸ ਡੀ ਐੱਮ 'ਤੇ ਕਾਰਵਾਈ

ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)-ਲੋਕ ਸਭਾ ਚੋਣਾਂ 2024 ਦੌਰਾਨ ਚੋਣ ਡਿਊਟੀ ਤੋਂ ਗੈਰ-ਹਾਜ਼ਰ ਚੱਲ ਰਹੇ ਅਮਲੋਹ ਦੇ ਸਹਾਇਕ ਰਿਟਰਨਿੰਗ ਅਧਿਕਾਰੀ-ਕਮ-ਐੱਸ ਡੀ ਐੱਮ ਅਮਰਦੀਪ ਸਿੰਘ ਥਿੰਦ, ਪੀ ਸੀ ਐੱਸ ਖਿਲਾਫ ਭਾਰਤੀ ਚੋਣ ਕਮਿਸ਼ਨ ਨੇ ਅਨੁਸ਼ਾਸਨੀ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਹਨ। ਜਾਣਕਾਰੀ ਦਿੰਦਿਆਂ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਅਮਰਦੀਪ ਸਿੰਘ ਥਿੰਦ ਦੀ ਥਾਂ ਕਮਿਸ਼ਨ ਨੇ ਕਿਰਨਦੀਪ ਸਿੰਘ ਪੀ ਸੀ ਐੱਸ ਨੂੰ ਅਮਲੋਹ ਦੇ ਸਹਾਇਕ ਰਿਟਰਨਿੰਗ ਅਧਿਕਾਰੀ-ਕਮ-ਐੱਸ ਡੀ ਐੱਮ ਵਜੋਂ ਨਿਯੁਕਤ ਕੀਤਾ ਹੈ ਤਾਂ ਜੋ ਚੋਣ ਪ੍ਰਕਿਰਿਆ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ। ਇਸ ਦੇ ਨਾਲ ਹੀ ਅਮਰਦੀਪ ਸਿੰਘ ਥਿੰਦ ਖਿਲਾਫ ਅਨੁਸ਼ਾਸਨੀ ਕਾਰਵਾਈ ਕੀਤੇ ਜਾਣ ਬਾਬਤ ਰਿਪੋਰਟ ਵੀ ਕਮਿਸ਼ਨ ਨੇ ਜਲਦ ਭੇਜਣ ਲਈ ਕਿਹਾ ਹੈ।

ਲੋਕ ਸੇਵਾ ਸੁਸਾਇਟੀ ਨੇ 25ਵਾਂ ਸਮੂਹਕ ਕੰਨਿਆਦਾਨ ਮਹਾਂ ਯੱਗ ਕਰਵਾਇਆ

page-6-25-March.-2024.qxd 3/24/2024 10:50 PM Page 1

ਭਗਤ ਸਿੰਘ, ਰਾਜਗੁਰੂ, ਸੁਖਦੇਵ ਦਾ ਸ਼ਹੀਦੀ ਦਿਵਸ ਮਨਾਇਆ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)- ਸਮਾਜ ਭਲਾਈ ਮੋਰਚਾ ਦੇ ਦਫਤਰ ਸਰਕਾਰੀ ਕਾਲਜ ਰੋਡ, ਹੁਸ਼ਿਆਰਪੁਰ ਵਿਖੇ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ, ਸ਼ਹੀਦ ਰਾਜਗੁਰੂ, ਸ਼ਹੀਦ ਸੁਖਦੇਵ ਸਿੰਘ ਦਾ ਸ਼ਹੀਦੀ ਦਿਵਸ ਮਨਾਇਆ ਗਿਆ। ਸਭ ਤੋਂ ਪਹਿਲਾਂ ਸਮਾਜ ਭਲਾਈ ਮੋਰਚਾ ਦੇ ਰਾਸ਼ਟਰੀ ਪ੍ਰਧਾਨ ਦਵਿੰਦਰ ਕੁਮਾਰ ਸਰੋਆ ਨੇ ਸ਼ਹੀਦ ਭਗਤ ਸਿੰਘ ਨੂੰ ਸ਼ਰਧਾ ਦੇ ਫੁੱਲ ਅਰਪਿਤ ਕੀਤੇ। ਉਨ੍ਹਾ ਦੱਸਿਆ ਕਿ ਜੇਕਰ ਅੱਜ ਅਸੀਂ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ ਇਹ ਨਿੱਘ ਅਨੇਕਾਂ ਸ਼ਹੀਦਾਂ ਦੀ ਕੁਰਬਾਨੀ ਦਾ ਸਦਕਾ ਹੈ। ਸਰੋਆ ਨੇ ਕਿਹਾ ਕਿ ਇਨ੍ਹਾਂ ਯੋਧਿਆਂ ਬਾਰੇ, ਦੇਸ਼ ਦੇ ਇਤਿਹਾਸ ਬਾਰੇ ਸਾਨੂੰ ਹਰ ਇਕ ਨੂੰ ਆਪਣੇ ਬੱਚਿਆਂ ਨੂੰ ਦੱਸਣਾ ਚਾਹੀਦਾ ਹੈ ਤਾਂ ਜੋ ਹਰ ਇਕ ਦੇ ਦਿਲ ਵਿੱਚ ਦੇਸ਼ ਦੇ ਪ੍ਰਤੀ ਪਿਆਰ ਦੀ ਭਾਵਨਾ ਪੈਦਾ ਹੋਵੇ। ਇਸ ਸਮੇਂ ਸਮਾਜ ਭਲਾਈ ਮੋਰਚਾ ਦੇ ਵੱਖ-ਵੱਖ ਵਰਕਰਾਂ ਨੇ ਸ਼ਹੀਦ-ਏ-ਆਜ਼ਮ ਸ.ਭਗਤ ਸਿੰਘ ਨੂੰ ਸ਼ਰਧਾਂਜਲੀ ਅਰਪਿਤ ਕੀਤੀ। ਇਸ ਮੌਕੇ ਸੁਰਿੰਦਰ ਠਾਕੁਰ, ਸੰਜੀਵ ਕੁਮਾਰ, ਰਜਿੰਦਰ ਕੁਮਾਰ ਮਿੰਟੂ, ਕੁਲਵਿੰਦਰ ਕੁਮਾਰ, ਜਾਨਵੀਰ ਸਰੋਆ, ਕਾਰਤਿਕ, ਨਵੀਨ ਕਥੀਆਰ, ਰਜਿੰਦਰ ਕੁਮਾਰ, ਰਾਕੇਸ਼, ਅਸ਼ਵਨੀ ਆਦਿ ਨੇ ਸ਼ਹੀਦ ਭਗਤ ਸਿੰਘ ਨੂੰ ਸ਼ਰਧਾਂਜਲੀ ਅਰਪਿਤ ਕੀਤੀ।

ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੀ ਪਲੇਠੀ ਇਕੱਤਰਤਾ

ਮੁਹਾਲੀ (ਗੁਰਜੀਤ ਬਿੱਲਾ)-ਬੀਤੇ ਦਿਨੀਂ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੀ ਪਲੇਠੀ ਇੱਕਤਰਤਾ ਅਕਾਡਮੀ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਇਸ ਦੌਰਾਨ ਅਕਾਡਮੀ ਦੇ ਪ੍ਰਬੰਧਕੀ ਬੋਰਡ ਦੇ ਮੈਂਬਰ ਨਾਟ-ਕਰਮੀ ਸੰਜੀਵਨ ਸਿੰਘ ਨੇ ਅਹਿਮ ਮਸਲੇ ਉਭਾਰਦਿਆਂ ਕਿਹਾ ਕਿ ਰੰਗਮੰਚੀ ਗਤੀਵਿਧੀਆਂ ਦੀ ਪ੍ਰਫੁੱਲਤਾ ਲਈ ਪੰਜਾਬੀ ਭਵਨ ਦੇ ਅਹਾਤੇ ਵਿਚ ਤਕਰੀਬਨ ਪੰਜ ਦਹਾਕੇ ਪਹਿਲਾਂ ਬਣੇ ਕਿਸੇ ਸਮੇਂ ਨਾਟਕੀ ਸਰਗਰਮੀਆਂ ਦਾ ਗੜ੍ਹ ਰਹੇ ਪਰ ਹੁਣ ਖਸਤਾਹਾਲ ਬਲਰਾਜ ਸਾਹਨੀ ਓਪਨ ਏਅਰ ਥੀਏਟਰ ਦੀ ਲੋੜੀਂਦੀ ਮੁਰੰਮਤ ਅਤੇ ਹੋਰ ਸਹੂਲਤਾਂ ਨਾਲ ਲੈਸ ਕਰਕੇ ਮਹੀਨਾਵਾਰ ਰੰਗਮੰਚੀ ਤੇ ਲੋਕ-ਪੱਖੀ ਸੱਭਿਆਚਾਰਕ ਸਰਗਰਮੀਆਂ ਮੁੜ ਆਰੰਭਣ ਤੋਂ ਇਲਾਵਾ ਵਿਚਾਰ ਅਧੀਨ ਸਮਾਜਿਕ ਸਰੋਕਾਰਾਂ ਤੇ ਲੋਕ-ਮਸਲਿਆਂ ਲਈ ਬਣਨ ਜਾ ਰਹੀ ਕਮੇਟੀ ਵਿਚ ਲੱਚਰ, ਅਸ਼ਲੀਲ ਅਤੇ ਹਿੰਸਕ ਗੀਤਕਾਰੀ ਅਤੇ ਗਾਇਕੀ ਰਾਹੀਂ ਫੈਲ ਰਹੇ ਸੱਭਿਆਚਾਰਕ ਪ੍ਰਦੂਸ਼ਣ ਵਰਗੇ ਗੰਭੀਰ ਤੇ ਸੰਵੇਦਨਸ਼ੀਲ ਸਮਾਜਿਕ ਮਸਲੇ ਨੂੰ ਹੋਰ ਸਮਾਜਿਕ ਮਸਲਿਆਂ ਵਾਂਗ ਉਕਤ ਕਮੇਟੀ ਵਿਚ ਸ਼ਾਮਲ ਕੀਤਾ ਜਾਵੇ ਕਿਉਂਕਿ ਰੰਗਮੰਚ ਦਾ ਪ੍ਰਸਾਰ ਤੇ ਪ੍ਰਚਾਰ ਅਤੇ ਲੋਕ-ਮਸਲੇ ਬਿਆਨਦੀ ਨਰੋਈ ਗੀਤਕਾਰੀ ਅਤੇ ਗਾਇਕੀ ਜ਼ਹਿਨੀ ਤੌਰ 'ਤੇ ਸਿਹਤਮੰਦ ਅਤੇ ਤੰਦਰੁਸਤ ਸਮਾਜ ਲਈ ਬੇਹੱਦ ਲਾਜ਼ਮੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬੋਂ ਬਾਹਰਲੇ, ਬਜ਼ੁਰਗ ਅਤੇ ਬਿਮਾਰ ਲੇਖਕ ਮੈਂਬਰਾਂ ਦੀ ਆਨ-ਲਾਈਨ ਵੋਟ ਦੀ ਵਿਵਸਥਾ ਕਰਨ ਅਤੇ ਅਕਾਡਮੀ ਦੇ ਮੈਂਬਰਾਂ ਦਾ ਪਹਿਚਾਣ-ਪੱਤਰ ਬਣਾਉਣ ਬਾਰੇ ਵੀ ਚਰਚਾ ਹੋਈ। ਪ੍ਰਸਿੱਧ ਅਰਥ ਸ਼ਾਸਤਰੀ ਡਾ. ਸਰਦਾਰਾ ਸਿੰਘ ਜੌਹਲ ਅਤੇ ਚਿੰਤਕ ਤੇ ਅਲੋਚਕ ਡਾ. ਸੁਖਦੇਵ ਸਿੰਘ ਸਿਰਸਾ ਦੀ ਸ਼ਮੂਲੀਅਤ ਵਾਲੀ ਇਸ ਇਕੱਤਰਤਾ ਵਿਚ ਸਰਵ ਸ੍ਰੀ ਬਲਬੀਰ ਮਾਧੋਪੁਰੀ, ਡਾ. ਅਨੂਪ ਸਿੰਘ ਤੇ ਜੁਗਿੰਦਰ ਸਿੰਘ ਨਿਰਾਲਾ ਨੂੰ ਪ੍ਰਮੁੱਖ ਸ਼ਖ਼ਸੀਅਤਾਂ ਵਜੋਂ ਤੇ ਹਰੀ ਸਿੰਘ ਜਾਚਕ, ਸਹਿਜਪ੍ਰੀਤ ਸਿੰਘ ਮਾਂਗਟ ਅਤੇ ਜਸਬੀਰ ਝੱਜ ਨੂੰ ਸਕੱਤਰਾਂ ਵਜੋਂ ਸਰਬਸੰਮਤੀ ਨਾਲ ਨਾਮਜ਼ਦ ਕੀਤਾ ਗਿਆ।

ਸਮੇਂ ਸਿਰ ਤਨਖਾਹਾਂ ਨਾ ਮਿਲਣ 'ਤੇ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦਾ ਗੁੱਸਾ ਫੁੱਟਿਆ

ਵਿਭਾਗ ਦੀ ਮੰਤਰੀ ਡਾ. ਬਲਜੀਤ ਕੌਰ ਦੇ ਹਲਕੇ 'ਚ ਰੋਸ ਪ੍ਰਦਰਸ਼ਨ

ਮਲੋਟ, (ਗੁਰਮੀਤ ਸਿੰਘ ਮੱਕੜ) : ਪੰਜਾਬ ਦੀਆਂ 54 ਹਜ਼ਾਰ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਸਮੇਂ ਸਿਰ ਤਨਖਾਹਾਂ ਨਾ ਮਿਲਣ ਕਰਕੇ ਤੇ ਹੋਰ ਮੰਗਾਂ ਨੂੰ ਲੈ ਕੇ ਅੱਜ ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਯੂਨੀਅਨ ਦੇ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਦੀ ਅਗਵਾਈ ਹੇਠ ਮੰਤਰੀ ਡਾ. ਬਲਜੀਤ ਕੌਰ ਦੇ ਹਲਕੇ ਮਲੋਟ ਵਿਖੇ ਭਾਰੀ ਰੋਸ ਪ੍ਰਦਰਸ਼ਨ ਕੀਤਾ ਗਿਆ, ਜਿਸ ਦੌਰਾਨ ਸੈਂਕੜਿਆਂ ਦੀ ਗਿਣਤੀ ਵਿੱਚ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੇ ਕਾਲੇ ਦੁਪੱਟੇ ਲੈ ਕੇ ਸ਼ਮੂਲੀਅਤ ਕੀਤੀ ਤੇ ਪੰਜਾਬ ਸਰਕਾਰ ਦੇ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਪਹਿਲਾਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੇ ਦਾਣਾ ਮੰਡੀ ਵਿਚ ਇਕੱਠੀਆਂ ਹੋਈਆਂ ਤੇ ਫਿਰ ਸ਼ਹਿਰ ਵਿੱਚ ਰੋਸ ਮਾਰਚ ਕੀਤਾ। ਇਸ ਮੌਕੇ ਬੋਲਦਿਆਂ ਹਰਗੋਬਿੰਦ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਨੇ 2017 ਵਿਚ ਆਂਗਣਵਾੜੀ ਸੈਂਟਰਾਂ ਦੇ ਲੱਖਾਂ ਬੱਚਿਆਂ ਨੂੰ ਖੋਹ ਕੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਦਾਖਲ ਕਰ ਲਿਆ ਸੀ ਤੇ ਅੱਜ ਤੱਕ ਇਹ ਬੱਚੇ ਵਾਪਸ ਆਂਗਣਵਾੜੀ ਸੈਂਟਰਾਂ ਨੂੰ ਨਹੀਂ ਦਿੱਤੇ ਗਏ। ਉਨ੍ਹਾਂ ਕਿਹਾ ਕਿ ਇਹ ਬੱਚੇ ਆਂਗਣਵਾੜੀ ਸੈਂਟਰਾਂ ਵਿੱਚ ਭੇਜੇ ਜਾਣ ਤੇ ਆਂਗਣਵਾੜੀ ਵਰਕਰਾਂ ਨੂੰ ਪ੍ਰੀ ਨਰਸਰੀ ਅਧਿਆਪਕ ਦਾ ਦਰਜਾ ਦਿੱਤਾ ਜਾਵੇ ਅਤੇ ਹੈਲਪਰਾਂ ਨੂੰ ਬਣਦਾ ਗਰੇਡ ਦਿੱਤਾ ਜਾਵੇ।

ਲੜਾਈ-ਝਗੜੇ ਦੇ ਮਾਮਲੇ 'ਚ 8 ਵਿਰੁੱਧ ਕੇਸ ਦਰਜ

ਸ੍ਰੀ ਫ਼ਤਹਿਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ) : ਪਿੰਡ ਬੀਰੋਮਾਜ਼ਰੀ ਵਿਖੇ ਹੋਏ ਕਥਿਤ ਝਗੜੇ ਦੇ ਮਾਮਲੇ 'ਚ ਚੁੰਨੀ ਪੁਲਸ ਨੇ ਦੋਵਾਂ ਧਿਰਾਂ ਦੇ 8 ਵਿਅਕਤੀਆਂ ਵਿਰੁੱਧ ਕੇਸ ਦਰਜ ਕੀਤੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਹਸਪਤਾਲ ਵਿਖੇ ਜ਼ੇਰੇ ਇਲਾਜ ਇੱਕ ਔਰਤ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ 22 ਮਾਰਚ ਦੀ ਸ਼ਾਮ ਨੂੰ ਪਿੰਡ ਬੀਰੋਮਾਜ਼ਰੀ ਵਿਖੇ ਉਸ ਦੀ ਸੱਸ ਸੁਰਿੰਦਰ ਕੌਰ ਤੇ ਦਿਓਰ ਜਸਵਿੰਦਰ ਸਿੰਘ ਨੇ ਉਸ ਦੀ ਕੁੱਟਮਾਰ ਕੀਤੀ ਤਾਂ ਉਹ ਬੱਚੇ ਲੈ ਕੇ ਆਪਣੇ ਪੇਕੇ ਪਿੰਡ ਚਲੀ ਗਈ, ਜਿਸ ਤੋਂ ਅਗਲੇ ਦਿਨ ਉਸਦੇ ਭਰਾ ਤੇ ਚਾਚਾ ਉਸ ਨੂੰ ਸਹੁਰੇ ਘਰ ਛੱਡਣ ਲਈ ਆਏ ਤਾਂ ਸੱਸ ਤੇ ਦਿਓਰ ਨੇ ਉਨ੍ਹਾਂ ਦੇ ਸਾਹਮਣੇ ਉਸ ਦੀ ਫਿਰ ਕੁੱਟਮਾਰ ਕੀਤੀ। ਦੂਸਰੀ ਧਿਰ ਦੇ ਜਸਵਿੰਦਰ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਉਸ ਦੀ ਭਰਜਾਈ 22 ਮਾਰਚ ਨੂੰ ਉਸ ਦੀ ਮਾਤਾ ਦੀ ਕੁੱਟਮਾਰ ਕਰਕੇ ਪੇਕੇ ਪਿੰਡ ਚਲੀ ਗਈ ਸੀ, ਜਿਸ ਤੋਂ ਅਗਲੇ ਦਿਨ 23 ਮਾਰਚ ਨੂੰ ਸਵੇਰੇ ਜਦੋਂ ਉਹ ਆਪਣੇ ਘਰ ਕਮਰੇ 'ਚ ਪਿਆ ਸੀ ਤਾਂ ਆਪਣੇ ਭਰਾਵਾਂ ਤੇ ਚਾਚਿਆਂ ਨੂੰ ਨਾਲ ਲੈ ਕੇ ਉਸ ਦੀ ਭਰਜਾਈ ਘਰ ਪਹੁੰਚੀ, ਜਿਨ੍ਹਾਂ ਨੇ ਗੰਡਾਸੀ ਤੇ ਡੰਡਿਆਂ ਨਾਲ ਉਸ ਦੀ ਕੁੱਟਮਾਰ ਕੀਤੀ। ਥਾਣਾ ਬਡਾਲੀ ਆਲਾ ਸਿੰਘ ਵਿਖੇ ਬਲਜੀਤ ਸਿੰਘ ਉਰਫ ਬੱਬੀ, ਹੈਪੀ, ਟੈਣੂ, ਰਵੀ ਭਿੰਦਾ, ਬਬਲਾ ਵਾਸੀਆਨ ਪਿੰਡ ਸਨੇਟਾ ਤੇ ਜਸਵਿੰਦਰ ਸਿੰਘ, ਸੁਰਿੰਦਰ ਕੌਰ ਵਾਸੀਆਨ ਪਿੰਡ ਬੀਰੋਮਾਜ਼ਰੀ ਵਿਰੁੱਧ ਵੱਖ-ਵੱਖ ਧਾਰਾਵਾਂ ਤਹਿਤ ਮੁੱਕਦਮਾ ਦਰਜ ਕਰਕੇ ਚੁੰਨੀ ਕਲਾਂ ਚੌਕੀ ਦੀ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

ਸ਼ਹੀਦ ਭਗਤ ਸਿੰਘ ਕਲੱਬ ਨੇ ਸ਼ਹੀਦੀ ਸਮਾਰਕ 'ਤੇ ਸ਼ਮ੍ਹਾਂ ਰੋਸ਼ਨ ਕਰਕੇ ਕੀਤੀ ਦੀਪਮਾਲਾ

ਸਮਾਰਕ ਦੀ ਅਣਦੇਖੀ ਨੂੰ ਲੈ ਕੇ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਖਿਲਾਫ ਜਤਾਇਆ ਰੋਸ

ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ/ਪੂਜਾ)-ਸ਼ਹੀਦ ਭਗਤ ਸਿੰਘ ਕਲੱਬ ਵੱਲੋਂ ਜਲਾਲਾਬਾਦ-ਟਿੱਬੀ ਸਾਹਿਬ ਰੋਡ ਸਥਿਤ ਸ਼ਹੀਦੀ ਸਮਾਰਕ ਤੇ ਸ਼ਹੀਦੀ ਦਿਵਸ ਮੌਕੇ ਬੀਤੀ ਰਾਤ ਸ਼ਮਾਂ ਰੋਸ਼ਨ ਕਰਕੇ ਦੀਪਮਾਲਾ ਕੀਤੀ ਗਈ। ਕਲੱਬ ਦੇ ਪ੍ਰਧਾਨ ਸੰਜੇ ਵਾਲੀਆ ਦੀ ਅਗਵਾਈ 'ਚ ਹੋਏ ਇਸ ਸਮਾਗਮ ਦੌਰਾਨ ਵੱਖ-ਵੱਖ ਸਮਾਜਸੇਵੀਆਂ ਤੇ ਦੁਕਾਨਦਾਰਾਂ ਨੇ ਵੀ ਭਾਗ ਲਿਆ ਤੇ ਸਰਕਾਰ ਤੇ ਪ੍ਰਸ਼ਾਸਨ ਖਿਲਾਫ ਸ਼ਹੀਦੀ ਸਮਾਰਕ ਦੀ ਅਣਦੇਖੀ ਕਰਨ ਵਜੋਂ ਰੋਸ ਜ਼ਾਹਰ ਕੀਤਾ। ਕਲੱਬ ਦੇ ਪ੍ਰਧਾਨ ਸੰਜੇ ਵਾਲੀਆ, ਸੀਨੀਅਰ ਵਾਈਸ ਪ੍ਰਧਾਨ ਲਖਵੰਤ ਸਿੰਘ, ਜਵਾਲਾ ਪ੍ਰਤਾਪ ਸਿੰਘ ਵਾਲੀਆ ਸੁਰਿੰਦਰ ਕੁਮਾਰ, ਭਾਣ ਚੰਦ, ਸੰਜੀਵ ਸੰਜੂ, ਸਤੀਸ਼ ਗਿਰਧਰ ਕਾਲਾ, ਸਮਾਜਸੇਵੀ ਧਰਮਪਾਲ ਮਿੱਤਲ, ਹੀਰਾ ਲਾਲ ਸ਼ਰਮਾ, ਰਾਜ ਸਿਡਾਨਾ, ਜਸਵੰਤ ਸਿੰਘ ਨਾਹਰ, ਨੀਰਜ ਸਿਡਾਨਾ, ਰਾਜ ਵਧਵਾ, ਜਸਪ੍ਰੀਤ ਮਹਿਰਾ ਸਮੇਤ ਹੋਰ ਲੋਕ ਮੌਜੂਦ ਸਨ।

ਸਾਬਕਾ ਜ਼ਿਲ੍ਹਾ ਸਿਹਤ ਅਫ਼ਸਰ ਨੇ ਸੈਂਪਲ ਭਰਨ ਦੇ ਨਾਂ 'ਤੇ ਕੀਤਾ ਲੋਕਾਂ ਨੂੰ ਗੁੰਮਰਾਹ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)-ਸਿਵਲ ਸਰਜਨ ਦਫਤਰਾਂ ਵਿੱਚ ਤਾਇਨਾਤ ਜ਼ਿਲ੍ਹਾ ਸਿਹਤ ਅਫਸਰ ਕੋਲ ਖਾਣ ਪੀਣ ਵਾਲੇ ਕਾਰੋਬਾਰੀ ਅਦਾਰਿਆਂ ਦੇ ਸੈਂਪਲ ਭਰਨ ਅਤੇ ਇਸ ਦੀ ਵੀਡੀਓ ਜਨਤਕ ਕਰਨ ਦੀ ਕੋਈ ਅਧਿਕਾਰਤ ਸ਼ਕਤੀ ਨਹੀਂ ਹੈ। ਇਹ ਖੁਲਾਸਾ ਆਰ ਟੀ ਆਈ ਐਕਟੀਵਿਸਟ ਫਰੰਟ ਆਫ ਇੰਡੀਆ (ਰਾਫੀ) ਵੱਲੋਂ ਹੁਸ਼ਿਆਰਪੁਰ ਵਿੱਚ ਕਰਵਾਈ ਇੱਕ ਪ੍ਰੈਸ ਕਾਨਫਰੰਸ ਦੌਰਾਨ ਕਰਦਿਆਂ ਪ੍ਰਧਾਨ ਪ੍ਰਿੰ. ਬਲਵੀਰ ਸਿੰਘ ਸੈਣੀ ਨੇ ਦੱਸਿਆ ਕਿ ਆਰ ਟੀ ਆਈ ਐਕਟੀਵਿਸਟ ਫਰੰਟ ਆਫ ਇੰਡੀਆ ਦੇ ਇੱਕ ਮੈਂਬਰ ਵੱਲੋਂ ਸਿਵਲ ਸਰਜਨ ਦਫਤਰ ਹੁਸ਼ਿਆਰਪੁਰ ਵਿੱਚ ਆਰ ਟੀ ਆਈ ਐਕਟ 2005 ਅਧੀਨ ਪ੍ਰਾਪਤ ਹੋਈ ਸੂਚਨਾ ਅਨੁਸਾਰ ਸਿਵਲ ਸਰਜਨ ਦਫਤਰ ਵੱਲੋਂ ਖੁਦ ਇਹ ਖੁਲਾਸਾ ਕੀਤਾ ਗਿਆ ਹੈ ਕਿ ਖਾਣ ਪੀਣ ਵਾਲੇ ਕਾਰੋਬਾਰੀ ਅਦਾਰਿਆਂ ਦੇ ਸੈਂਪਲ ਭਰਨ ਦੀ ਸ਼ਕਤੀ ਕੇਵਲ ਜ਼ਿਲ੍ਹਾ ਫੂਡ ਸੇਫਟੀ ਅਫਸਰ ਕੋਲ ਹੈ। ਇਸ ਪ੍ਰਾਪਤ ਹੋਈ ਸੂਚਨਾ ਦੀ ਰੌਸ਼ਨੀ ਵਿੱਚ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਜ਼ਿਲ੍ਹਾ ਸਿਵਲ ਸਰਜਨ ਦਫਤਰ ਹੁਸ਼ਿਆਰਪੁਰ ਵਿੱਚ ਤਾਇਨਾਤ ਰਹੇ ਜ਼ਿਲ੍ਹਾ ਸਿਹਤ ਅਫਸਰ ਡਾ. ਲਖਬੀਰ ਸਿੰਘ ਵੱਲੋਂ ਆਪਣੇ ਕਾਰਜਕਾਲ ਦੌਰਾਨ ਕਾਰੋਬਾਰੀ ਅਦਾਰਿਆਂ ਉੱਪਰ ਮਾਰੇ ਗਏ ਛਾਪਿਆਂ ਦੀ ਵੀਡੀਓ ਬਣਾ ਕੇ ਵਾਇਰਲ ਕਰਨੀ ਮੁਕੰਮਲ ਤੌਰ 'ਤੇ ਅਣਅਧਿਕਾਰਤ ਅਤੇ ਗੈਰ ਸੰਵਿਧਾਨਕ ਹੈ। ਪ੍ਰੈਸ ਕਾਨਫਰੰਸ ਦੌਰਾਨ ਆਰ ਟੀ ਆਈ ਐਕਟੀਵਿਸਟ ਫਰੰਟ ਆਫ ਇੰਡੀਆ ਦੇ ਪ੍ਰਧਾਨ ਪ੍ਰਿੰਸੀਪਲ ਬਲਵੀਰ ਸਿੰਘ ਸੈਣੀ ਨੇ ਦੱਸਿਆ ਕਿ ਰਾਫੀ ਦੇ ਇੱਕ ਮੈਂਬਰ ਵੱਲੋਂ ਦਾਖਲ ਕੀਤੀ ਗਈ ਦਰਖਾਸਤ ਨੰਬਰ ਸਪੈਸ਼ਲ 2024/20 ਰਾਹੀਂ ਸੂਚਨਾ ਅਧਿਕਾਰੀ ਪਾਸੋਂ ਉਪਰੋਕਤ ਜ਼ਿਲ੍ਹਾ ਸਿਹਤ ਅਫਸਰ ਵੱਲੋਂ ਆਪਣੀ ਸਰਕਾਰੀ ਨੌਕਰੀ ਦੌਰਾਨ ਮਾਰੇ ਗਏ ਛਾਪਿਆਂ ਅਤੇ ਭਰੇ ਗਏ ਸੈਂਪਲਾਂ ਸਬੰਧੀ ਲੈਬਾਰਟਰੀ ਰਿਪੋਰਟਾਂ ਦੀ ਸੂਚਨਾ ਮੰਗੀ ਗਈ ਸੀ। ਇਸ ਦੇ ਨਾਲ ਨਾਲ ਫੇਲ੍ਹ ਪਾਏ ਗਏ ਸੈਂਪਲਾਂ ਨਾਲ ਸੰਬੰਧਤ ਕਾਰੋਬਾਰੀ ਅਦਾਰਿਆਂ ਉੱਪਰ ਕੀਤੀ ਗਈ ਕਾਰਵਾਈ ਬਾਰੇ ਵੀ ਜਾਣਕਾਰੀ ਮੰਗੀ ਗਈ ਸੀ। ਉਨ੍ਹਾਂ ਸੂਚਨਾ ਅਧਿਕਾਰੀ ਵੱਲੋਂ ਦਿੱਤੀ ਗਈ ਜਾਣਕਾਰੀ ਨੂੰ ਸਵਾਲਾਂ ਦੇ ਘੇਰੇ ਵਿੱਚ

ਲੈਂਦਿਆਂ ਕਿਹਾ ਕਿ ਇਸ ਸਬੰਧੀ ਅਧਿਕਾਰੀਆਂ ਵੱਲੋਂ ਕੁਝ ਸਵਾਲਾਂ ਦੇ ਗੋਲਮੋਲ ਢੰਗ ਨਾਲ " ਇਹ ਜਾਣਕਾਰੀ ਥਰਡ ਪਾਰਟੀ ਨਾਲ ਸੰਬੰਧਿਤ ਹੈ" ਕਹਿੰਦਿਆਂ ਜਵਾਬ ਦਿੱਤੇ ਗਏ ਹਨ ਜਿਸ ਨਾਲ ਇਹ ਇਸ਼ਾਰਾ ਮਿਲਦਾ ਹੈ ਕਿ ਵਿਭਾਗ ਵੱਲੋਂ ਆਪਣੇ ਅਧਿਕਾਰੀ ਨੂੰ ਬਚਾਉਣ ਦੇ ਯਤਨ ਕੀਤੇ ਜਾ ਰਹੇ ਹਨ। ਪ੍ਰਿੰਸੀਪਲ ਬਲਵੀਰ ਸਿੰਘ ਨੇ ਦੱਸਿਆ ਕਿ ਇਸ ਦਰਖਾਸਤ ਦੇ ਸਵਾਲ ਨੰਬਰ 4 ਵਿੱਚ ਇਨ੍ਹਾਂ ਰਿਪੋਰਟਾਂ ਵਿੱਚ ਹਰ ਵਾਰ ਮਾਰੇ ਗਏ ਛਾਪਿਆਂ ਦੌਰਾਨ ਭਰੇ ਗਏ ਸੈਂਪਲਾਂ ਚੋਂ ਕਿੰਨੇ ਪਾਸ ਤੇ ਕਿੰਨੇ ਫੇਲ੍ਹ ਹੋਏ, ਨਾਲ ਸੰਬੰਧਤ ਸੂਚਨਾ ਮੰਗੀ ਗਈ ਸੀ। ਜਿਸ ਦੇ ਜਵਾਬ ਵਿੱਚ ਸਿਵਲ ਸਰਜਨ ਦਫਤਰ ਦੇ ਸੰਬੰਧਤ ਸੂਚਨਾ ਅਫਸਰ ਨੇ ਦੱਸਿਆ ਕਿ ਇਹ ਸੂਚਨਾ ਤੀਜੀ ਪਾਰਟੀ ਨਾਲ ਸੰਬੰਧਤ ਹੋਣ ਕਰਕੇ ਨਹੀਂ ਦਿੱਤੀ ਜਾ ਸਕਦੀ। ਹੈਰਾਨੀ ਦੀ ਗੱਲ ਹੈ ਕਿ ਸਵਾਲ ਨੰਬਰ 5 ਵਿੱਚ ਇਨ੍ਹਾਂ ਫੇਲ੍ਹ ਪਾਏ ਗਏ ਸੈਂਪਲਾਂ ਨਾਲ ਸੰਬੰਧਤ ਦੁਕਾਨਾਂ ਖਿਲਾਫ ਕੀਤੀ ਕਾਰਵਾਈ ਬਾਰੇ ਪੁੱਛਿਆ ਗਿਆ ਸੀ ਜਿਸ ਦਾ ਜਵਾਬ ਸਵਾਲ ਨੰਬਰ 4 ਨਾਲ ਹੀ ਸੰਬੰਧਤ ਹੀ ਦੇ ਦਿੱਤਾ ਗਿਆ ਹੈ ਕਿ ਡਾਕਟਰ ਲਖਬੀਰ ਸਿੰਘ ਦੀ ਤਾਇਨਾਤੀ ਦੌਰਾਨ 1105 ਸੈਂਪਲ ਭਰੇ ਗਏ ਤੇ 171 ਫੇਲ੍ਹ ਪਾਏ ਗਏ। ਇਸੇ ਦਰਖਾਸਤ ਦੇ ਸਵਾਲ ਨੰਬਰ 6 ਵਿੱਚ ਜ਼ਿਲਾ ਸਿਹਤ ਅਫਸਰ ਡਾਕਟਰ ਲਖਬੀਰ ਸਿੰਘ ਵੱਲੋਂ ਛਾਪੇ ਮਾਰਨ ਦੌਰਾਨ ਵਿਭਾਗ ਦੀ ਮੀਡੀਆ ਟੀਮਾਂ ਆਪਣੇ ਨਾਲ ਜਾਣ ਅਤੇ ਇਨ੍ਹਾਂ ਵੀਡੀਓਜ਼ ਨੂੰ ਜਨਤਕ ਕਰਨ ਸਬੰਧੀ ਦਿੱਤੀ ਗਈ ਪ੍ਰਵਾਨਗੀ ਦੇ ਜਵਾਬ ਵੀ ਗੋਲਮੋਲ ਢੰਗ ਨਾਲ ਦਿੱਤੇ ਗਏ। ਉਨ੍ਹਾਂ ਦੱਸਿਆ ਕਿ ਇਸ ਮੁਕੰਮਲ ਦਰਖਾਸਤ ਵਿੱਚ ਮੰਗੀਆਂ ਗਈਆਂ ਸੂਚਨਾਵਾਂ ਬਾਰੇ ਆਪਾ ਵਿਰੋਧੀ ਜਵਾਬ ਦਿੱਤੇ ਗਏ ਹਨ ਜਿਸ ਤੋਂ ਸਾਬ

25-MAR-PAGE-10.qxd 3/24/2024 10:04 PM Page 1

ਸਵੱਛ ਭਾਰਤ ਅਭਿਆਨ ਦੀਆਂ ਉੱਡਦੀਆਂ ਧੱਜੀਆਂ

■ ਘਰ 'ਚ ਫਲੱਸ਼ ਦੀ ਸੁਵਿਧਾ ਨਾ ਹੋਣ ਕਾਰਨ ਪ੍ਰੇਸ਼ਾਨ ਹੋ ਰਿਹੈ ਬਜ਼ੁਰਗ ਜੋੜਾ

ਫਾਜ਼ਿਲਕਾ (ਕ੍ਰਿਸ਼ਨ ਸਿੰਘ)

ਸਵੱਛ ਭਾਰਤ ਅਭਿਆਨ ਤਹਿਤ ਦੇਸਸ਼ ਭਰ 'ਚ ਗਰੀਬ ਲੋਕਾਂ ਨੂੰ ਮੁਫਤ ਟਾਇਲਟ ਬਣਾਉਣ ਦੀ ਸੁਵਿਧਾ ਮੁਹੱਈਆ ਕਰਵਾਈ ਜਾ ਰਹੀ ਹੈ, ਜਿਸ ਦੇ ਤਹਿਤ ਹਰੇਕ ਲਾਭਪਾਤਰੀ ਨੂੰ ਤਿੰਨ ਕਿਸ਼ਤਾਂ ਰਾਹੀਂ 15000 ਰੁਪਏ ਦੀ ਰਕਮ ਮੁਹੱਈਆ ਕਾਰਵਾਈ ਜਾਂਦੀ ਹੈ।

ਸਰਕਾਰ ਵੱਲੋਂ ਹੁਣ ਤੱਕ ਇਸ ਯੋਜਨਾ ਅਧੀਨ ਸਰਕਾਰ ਵੱਲੋਂ ਬਹੁਤ ਸਾਰੇ ਗਰੀਬ ਲੋਕਾਂ ਨੂੰ ਮੁਫਤ ਟਾਇਲਟ ਦੀ ਸੁਵਿਧਾ ਦਿੱਤੀ ਜਾ ਚੁੱਕੀ ਹੈ। ਅਜੇ ਤੱਕ ਵੀ ਬਹੁਤ ਸਾਰੇ ਗਰੀਬ ਲੋਕ ਮੁਫਤ ਟਾਇਲਟ ਦੀ ਸੁਵਿਧਾ ਤੋਂ ਵਾਂਝੇ ਰਹਿ ਰਹੇ ਹਨ, ਜਿਸ ਕਾਰਨ ਸਵੱਛ ਭਾਰਤ ਅਭਿਆਨ ਦੀਆਂ ਧੱਜੀਆਂ ਉੱਡਦੀਆਂ ਨਜ਼ਰ ਆ ਰਹੀਆਂ ਹਨ।

ਇਸੇ ਤਰ੍ਹਾਂ ਫਾਜ਼ਿਲਕਾ 'ਚ ਵੀ ਬਹੁਤ ਸਾਰੇ ਗਰੀਬ ਲੋਕ ਫਲੱਸ਼ ਦੀ ਸੁਵਿਧਾ ਤੋਂ ਵਾਂਝੇ ਰਹਿ ਰਹੇ ਹਨ, ਜਿਸ ਕਾਰਨ ਇੱਥੇ ਸਵੱਛ ਭਾਰਤ ਅਭਿਆਨ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਫਾਜ਼ਿਲਕਾ ਦੇ ਕਈ ਪਿੰਡਾਂ ਵਿੱਚ ਬਹੁਤ ਸਾਰੇ ਲੋਕ ਅਜਿਹੇ ਵੀ ਹਨ, ਜਿਨ੍ਹਾਂ ਨੂੰ 15000 ਰੁਪਏ ਵਿੱਚੋਂ ਇੱਕ ਜਾਂ ਦੋ ਕਿਸ਼ਤਾਂ ਹੀ ਮਿਲੀਆਂ ਹਨ ਤੇ ਬਾਕੀ ਕਿਸ਼ਤਾਂ ਲੈਣ ਲਈ ਉਹ ਸਰਕਾਰੀ ਦਫਤਰਾਂ ਦੇ ਚੱਕਰ ਕੱਟ ਰਹੇ ਹਨ। ਇਸੇ ਤਰ੍ਹਾਂ ਨਵਾਂ ਸਲੇਮਸ਼ਾਹ ਦੇ ਵਸਨੀਕ ਬਜ਼ੁਰਗ ਜੋੜੇ ਕੋਲ ਫਲੱਸ਼ ਦੀ ਸੁਵਿਧਾ ਨਾ ਹੋਣ ਕਾਰਨ ਪ੍ਰੇਸ਼ਾਨੀ ਦਾ ਸਾਹਮਣਾ ਕਰ ਰਹੇ ਹਨ।

ਇਸ ਬਾਰੇ ਜਾਣਕਾਰੀ ਦਿੰਦਿਆਂ ਮਹਿੰਦਰ ਸਿੰਘ ਨਿਵਾਸੀ ਪਿੰਡ ਨਵਾਂ ਸਲੇਮਸ਼ਾਹ ਨੇ ਦੱਸਿਆ ਕਿ ਅੱਜ ਤੋਂ ਕਰੀਬ 5 ਸਾਲ ਪਹਿਲਾਂ ਉਨ੍ਹਾਂ ਦੀ ਘਰਵਾਲੀ ਖੁਸ਼ੀਆਂ ਬਾਈ ਦੇ ਨਾਮ 'ਤੇ ਸਰਕਾਰੀ ਫਲੱਸ਼ ਆਈ ਸੀ। ਇਸ ਤੋਂ ਬਾਅਦ ਪਹਿਲਾਂ ਉਨ੍ਹਾਂ ਵੱਲੋਂ ਸਬੰਧਤ ਅਧਿਕਾਰੀਆਂ ਦੇ ਕਹਿਣ 'ਤੇ ਫਲੱਸ਼ ਦੇ ਖੱਡੇ ਪੁੱਟੇ ਗਏ ਸਨ, ਜਿਸ ਤੋਂ ਕਾਫੀ ਸਮਾਂ ਬੀਤ ਜਾਣ ਤੋਂ ਬਾਅਦ ਵੀ ਸਰਕਾਰ ਵੱਲੋਂ ਉਨ੍ਹਾਂ ਨੂੰ ਕੋਈ ਕਿਸ਼ਤ ਮੁਹੱਈਆ ਨਹੀਂ ਕਾਰਵਾਈ ਗਈ। ਇਸ ਤੋਂ ਬਾਅਦ ਵਾਰ ਵਾਰ ਸਬੰਧਤ ਅਧਿਕਾਰੀਆਂ ਨੂੰ ਕਹਿਣ 'ਤੇ ਉਨ੍ਹਾਂ ਨੂੰ 5 ਹਜ਼ਾਰ ਰੁਪਏ ਦੀ ਇਕ ਕਿਸ਼ਤ ਮੁਹੱਈਆ ਕਰਵਾਈ ਗਈ, ਜਿਸ ਤੋਂ ਬਾਅਦ ਕਈ ਮਹੀਨੇ ਬੀਤ ਜਾਣ 'ਤੇ ਵੀ ਅਜੇ ਤੱਕ ਉਨ੍ਹਾਂ ਦੀਆਂ ਬਾਕੀ ਕਿਸ਼ਤਾਂ ਮੁਹੱਈਆ ਨਹੀਂ ਕਾਰਵਾਈਆਂ ਜਾ ਰਹੀਆਂ।

ਉਨ੍ਹਾਂ ਕਿਹਾ ਕਿ ਉਹ ਦੋਨੋਂ ਜੀਅ ਬਜ਼ਰਗ ਹਨ ਤੇ ਉਨ੍ਹਾਂ ਦੀ ਉਮਰ 70 ਸਾਲ ਦੇ ਕਰੀਬ ਹੈ, ਜਿਸ ਕਾਰਨ ਉਹ ਘਰੋਂ ਬਾਹਰ ਆਉਣ-ਜਾਣ 'ਚ ਵੀ ਬਹੁਤ ਔਖੇ ਹਨ ਤੇ ਫਲੱਸ਼ ਦੀ ਸੁਵਿਧਾ ਨਹੀਂ ਹੋਣ ਕਾਰਨ ਉਨ੍ਹਾਂ ਨੂੰ ਕਾਫੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਉਨ੍ਹਾਂ ਨੂੰ ਫਲੱਸ਼ ਬਣਾਉਣ ਦੀ ਬਾਕੀ ਕਿਸ਼ਤਾਂ ਦੀ ਰਕਮ ਜਲਦ ਤੋਂ ਜਲਦ ਮੁਹੱਈਆ ਕਰਵਾਈ ਜਾਵੇ।

ਜਦੋਂ ਇਸ ਬਾਰੇ ਵਾਟਰ ਸਪਲਾਈ ਵਿਭਾਗ ਦੇ ਐਕਸੀਅਨ ਫਾਜ਼ਿਲਕਾ ਧਰਮਿੰਦਰ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾ ਕਿਹਾ ਕਿ ਉਨ੍ਹਾਂ ਵੱਲੋਂ ਆਪਣੇ ਫੀਲਡ ਸਟਾਫ ਤੋਂ ਇਸ ਬਾਰੇ ਰਿਪੋਰਟ ਮੰਗੀ ਗਈ ਸੀ, ਜਿਸ ਤੋਂ ਬਾਅਦ ਉਨ੍ਹਾਂ ਨੂੰ ਪਤਾ ਚੱਲਿਆ ਹੈ ਕਿ ਇਸ ਲਾਭਪਾਤਰੀ ਨੇ ਤਿੰਨ-ਚਾਰ ਦਿਨ ਪਹਿਲਾਂ ਹੀ ਫਲੱਸ਼ ਨੂੰ ਮੁਕੰਮਲ ਕਰਵਾਇਆ ਸੀ। ਇਸ ਤੋਂ ਇਲਾਵਾ ਬੈਂਕ 'ਚ ਪ੍ਰਬੰਧਕ ਦੇ ਸਾਈਨ ਅਪਡੇਟ ਨਾ ਹੋਣ ਕਾਰਨ ਪੇਮੈਂਟ ਨਹੀਂ ਹੋ ਰਹੀ।

ਮਾਮਲਾ ਸ਼ਰਾਬ ਪੀਣ ਨਾਲ ਹੋਈਆਂ ਮੌਤਾਂ ਦਾ

ਪੀੜਤ ਪਰਵਾਰਾਂ ਨੂੰ 1-1 ਕਰੋੜ ਰੁਪਏ ਤੇ ਸਰਕਾਰੀ ਨੌਕਰੀ ਦਿੱਤੀ ਜਾਵੇ : ਸਿਮਰਨਜੀਤ ਮਾਨ

ਸੰਗਰੂਰ (ਪ੍ਰਵੀਨ ਸਿੰਘ)

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਤੇ ਮੈਂਬਰ ਪਾਰਲੀਮੈਂਟ ਸ੍ਰ. ਸਿਮਰਨਜੀਤ ਸਿੰਘ ਮਾਨ ਨੇ ਪਾਰਟੀ ਦੇ ਵੱਡੀ ਗਿਣਤੀ ਆਗੂਆਂ ਨਾਲ ਅੱਜ ਫਿਰ ਦੂਜੇ ਦਿਨ ਧਰਨੇ ਵਿੱਚ ਸ਼ਮੂਲੀਅਤ ਕਰਕੇ ਪੀੜਤ ਪਰਵਾਰਾਂ ਨਾਲ ਦੁੱਖ ਸਾਂਝਾ ਕੀਤਾ। ਇਸ ਦੌਰਾਨ ਉਨ੍ਹਾਂ ਆਪਣੇ ਵੱਲੋਂ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ ਤੇ ਉਪਰੋਕਤ ਮੰਦਭਾਗੀ ਘਟਨਾ ਨੂੰ ਪੰਜਾਬ ਸਰਕਾਰ ਦੀ ਨਾਲਾਇਕੀ ਕਰਾਰ ਦਿੰਦੇ ਹੋਏ ਪੀੜਤ ਪਰਵਾਰਾਂ ਨੂੰ 1-1 ਕਰੋੜ ਰੁਪਏ ਦੀ ਸਹਾਇਤਾ ਰਾਸ਼ੀ ਤੇ ਪਰਵਾਰਾਂ ਦੇ ਇੱਕ ਇੱਕ ਜੀਅ ਨੂੰ ਸਰਕਾਰੀ ਨੌਕਰੀ ਦੇਣ ਦੀ ਮੰਗ ਵੀ ਉਠਾਈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰ. ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਨਾਲਾਇਕੀ ਕਾਰਨ ਕਈ ਘਰਾਂ ਵਿੱਚ ਸੱਥਰ ਵਿਛ ਗਏ ਹਨ, ਪਰ ਮੁੱਖ ਮੰਤਰੀ ਪੰਜਾਬ ਨੇ ਆਪਣੇ ਜ਼ਿਲ੍ਹੇ ਵਿੱਚ ਐਨਾ ਵੱਡਾ ਕਹਿਰ ਵਾਪਰਣ ਦੇ ਬਾਵਜੂਦ ਲੋਕਾਂ ਨਾਲ ਦੁੱਖ ਸਾਂਝਾ ਕਰਨਾ ਵੀ ਜਾਇਜ਼ ਨਹੀਂ ਸਮਝਿਆ। ਸਰਕਾਰ ਤੇ ਪ੍ਰਸ਼ਾਸਨ ਵੱਲੋਂ ਹੁਣ ਇਸ ਮਾਮਲੇ ਵਿੱਚ ਕੋਈ ਉਚਿਤ ਕਾਰਵਾਈ ਵੀ ਨਹੀਂ ਕੀਤੀ ਜਾ ਰਹੀ। ਉਨ੍ਹਾ ਦੱਸਿਆ ਕਿ ਇਸ ਮਾਮਲੇ ਸੰਬੰਧੀ ਉਨ੍ਹਾਂ ਨੇ ਬੀਤੇ ਦਿਨੀਂ ਡੀ. ਸੀ. ਸੰਗਰੂਰ ਨਾਲ ਵੀ ਗੱਲ ਕੀਤੀ ਸੀ ਤੇ ਇਨ੍ਹਾਂ ਪਰਵਾਰਾਂ ਦੇ ਆਰਥਿਕ ਹਾਲਾਤਾਂ ਤੋਂ ਜਾਣੂ ਕਰਵਾਉਂਦੇ ਹੋਏ ਮ੍ਰਿਤਕਾਂ ਦੀਆਂ ਵਿਧਵਾਵਾਂ ਨੂੰ ਸਰਕਾਰੀ ਨੌਕਰੀ ਦੇਣ ਤੇ ਇੱਕ-ਇੱਕ ਕਰੋੜ ਰੁਪਏ ਦੇਣ ਦੀ ਸਿਫਾਰਸ਼ ਕੀਤੀ ਗਈ ਹੈ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੀ ਜਾਨ-ਮਾਲ ਦੀ ਰੱਖਿਆ ਕਰਨ ਦੀ ਜ਼ਿੰਮੇਵਾਰੀ ਨੂੰ ਨਿਭਾਉਣ ਵਿੱਚ ਪੂਰੀ ਤਰ੍ਹਾਂ ਅਸਫਲ ਸਾਬਿਤ ਹੋਈ ਹੈ। ਸ੍ਰ. ਮਾਨ ਨੇ ਕਿਹਾ ਕਿ ਸਾਡੀ ਪਾਰਟੀ ਇਸ ਦੁੱਖ ਦੀ ਘੜੀ ਵਿੱਚ ਪੀੜਤ ਪਰਵਾਰਾਂ ਦੇ ਨਾਲ ਹੈ। ਇਸ ਮੌਕੇ ਜਥੇਦਾਰ ਹਰਜੀਤ ਸਿੰਘ ਸੰਜੂਮਾਂ, ਜਥੇਦਾਰ ਗੁਰਨੈਬ ਸਿੰਘ ਰਾਮਪੁਰਾ, ਬੀਬੀ ਹਰਪਾਲ ਕੌਰ, ਜਥੇਦਾਰ ਨਰਿੰਦਰ ਸਿੰਘ ਕਾਲਾਬੂਲਾ, ਉਪਿੰਦਰਪ੍ਰਤਾਪ ਸਿੰਘ ਪਾਰਲੀਮੈਂਟਰੀ ਸੈਕਟਰੀ, ਸਾਧੂ ਸਿੰਘ ਪੇਧਨੀ, ਗੁਰਵਿੰਦਰ ਸਿੰਘ ਧੂਰੀ, ਅਰਸ਼ਦੀਪ ਸਿੰਘ ਚਹਿਲ, ਹਰਮਿੰਦਰ ਸਿੰਘ ਦਿਆਲਗੜ੍ਹ ਜੇਜੀਆਂ, ਮਲਕੀਤ ਸਿੰਘ ਖੇਤਲਾ, ਸੁਖਵਿੰਦਰ ਸਿੰਘ ਬਲਿਆਲ, ਜੱਗੀ ਘਰਾਚੋਂ, ਸੁਖਵੀਰ ਸਿੰਘ ਛਾਜਲੀ ਸਮੇਤ ਹੋਰ ਵੱਡੀ ਗਿਣਤੀ 'ਚ ਆਗੂ ਤੇ ਵਰਕਰ ਹਾਜ਼ਰ ਸਨ।

ਮੋਦੀ ਸਰਕਾਰ ਮਜ਼ਦੂਰਾਂ ਦੇ ਖਾਤਿਆਂ 'ਚ ਮਿਹਨਤਾਨਾ ਨਹੀਂ ਪਾ ਰਹੀ : ਜੱਸੇਆਣਾ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ, ਪਰਮਜੀਤ, ਚਾਵਲਾ)-ਦਿਹਾਤੀ ਮਜ਼ਦੂਰ ਸਭਾ ਪੰਜਾਬ ਸੂਬਾ ਸੰਯੁਕਤ ਸਕੱਤਰ ਜਗਜੀਤ ਸਿੰਘ ਜੱਸੇਆਣਾ ਨੇ ਸਬ ਤਹਿਸੀਲ ਮੰਡੀ ਬਰੀਵਾਲਾ ਦੇ ਪਿੰਡ ਜੰਮੂਆਣਾ ਵਿਖੇ ਨਰੇਗਾ ਮਜ਼ਦੂਰਾਂ ਦੀ ਨੁੱਕੜ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਮਜ਼ਦੂਰਾਂ ਦੇ ਖਾਤਿਆਂ ਵਿੱਚ ਕੀਤੇ ਕੰਮਾਂ ਦਾ ਮਿਹਨਤਾਨਾ ਨਹੀਂ ਪਾ ਰਹੀ, ਜਦੋਂਕਿ ਮਜ਼ਦੂਰ ਨਿਰਾਸ਼ ਹੋ ਕੇ ਆਪਣੇ ਮਿਹਨਤਾਨਾ ਨੂੰ ਉਡੀਕ ਉਡੀਕ ਅੱਕ ਚੁੱਕੇ ਹਨ ਤੇ ਉਨ੍ਹਾਂ ਨੂੰ ਦੋ ਡੰਗ ਦੀ ਰੋਟੀ ਦਾ ਜੁਗਾੜ ਕਰਨਾ ਔਖਾ ਹੋਇਆ ਪਿਆ ਹੈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਦਿਹਾਤੀ ਮਜ਼ਦੂਰ ਸਭਾ ਪੰਜਾਬ ਜ਼ਿਲ੍ਹਾ ਮੁਕਤਸਰ ਸਾਹਿਬ ਦੇ ਕਾਰਜਕਾਰੀ ਸਕੱਤਰ ਲਖਵੀਰ ਸਿੰਘ ਤਖਤਮੁਲਾਣਾ ਨੇ ਸਰਕਾਰ ਦੀ ਜ਼ੋਰਦਾਰ ਨਿੰਦਾ ਕਰਦਿਆਂ ਕਿਹਾ ਕਿ ਸਮੇਂ ਦੀਆਂ ਹਕੂਮਤਾਂ ਮਜ਼ਦੂਰ ਵਿਰੋਧੀ ਸਾਬਿਤ ਹੋ ਰਹੀਆਂ ਹਨ। ਉਨ੍ਹਾ ਕਿਹਾ ਕਿ ਮੋਦੀ ਸਰਕਾਰ ਨੇ ਮਜ਼ਦੂਰ ਦੀ ਦਿਹਾੜੀ ਵਿੱਚ ਕੋਈ ਵਾਧਾ ਨਹੀਂ ਕੀਤਾ, ਇਹ ਸਰਕਾਰ ਧਰਮ ਦੇ ਨਾਮ 'ਤੇ ਲੋਕਾਂ ਨੂੰ ਲੜਾ ਕੇ ਵੱਡੇ ਫਿਰਕੇ ਦੀਆਂ ਵੋਟਾਂ ਵਟੋਰਨ ਦੀ ਤਾਕ ਵਿੱਚ ਹੈ, ਇਸ ਲਈ ਮਜ਼ਦੂਰ ਵਰਗ ਦਾ ਇਹ ਫਰਜ਼ ਬਣਦਾ ਹੈ ਕਿ ਇਸ ਸਰਕਾਰ ਸੱਤਾ ਤੋਂ ਲਾਹੁਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਪੈਨਸ਼ਨਾਂ ਵਿੱਚ ਵਾਧਾ ਕਰੇ, ਸਰਕਾਰੀ ਤੇ ਗੈਰ-ਸਰਕਾਰੀ ਕਰਜ਼ੇ ਮੁਆਫ਼ ਕਰੇ, ਰਾਸ਼ਨ ਡਿੱਪੂਆਂ ਉੱਪਰ ਨਿੱਤ ਵਰਤੋਂ ਦੀਆਂ ਖਾਣ-ਪੀਣ ਵਾਲੀਆਂ ਸਾਰੀਆਂ ਚੀਜ਼ਾਂ ਅੱਧੀ ਕੀਮਤ 'ਤੇ ਦਿੱਤੀਆਂ ਜਾਣ, ਮਜ਼ਦੂਰ ਲੋੜਵੰਦਾਂ ਨੂੰ ਰਹਾਇਸ਼ ਲਈ ਪਲਾਟ ਤੇ ਗ੍ਰਾਂਟਾਂ ਦਿੱਤੀਆਂ ਜਾਣ।

ਕਾਤਰਾਂ

ਰਾਜਵੀਰ ਰਾਜੂ ਬਣੇ ਜ਼ਿਲ੍ਹਾ ਯੂਥ ਕਾਂਗਰਸ ਦੇ ਮੀਤ ਪ੍ਰਧਾਨ

ਸ੍ਰੀ ਮੁਕਤਸਰ ਸਾਹਿਬ (ਪੂਜਾ, ਸ਼ਮਿੰਦਰਪਾਲ, ਪਰਮਜੀਤ ਸਿੰਘ, ਚਾਵਲਾ)-ਸ਼ਹਿਰ ਦੇ ਨੌਜਵਾਨ ਕਾਂਗਰਸੀ ਆਗੂ ਰਾਜਵੀਰ ਰਾਜੂ ਉਰਫ ਰਾਜ ਕੁਮਾਰ ਨੂੰ ਜ਼ਿਲ੍ਹਾ ਯੂਥ ਕਾਂਗਰਸ ਦਾ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।ਰਾਜਵੀਰ ਰਾਜੂ ਨੇ ਇਸ ਨਿਯਕੁਤੀ 'ਤੇ ਕਾਂਗਰਸ ਦੇ ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਪੰਜਾਬ ਯੂਥ ਕਾਂਗਰਸ ਪ੍ਰਧਾਨ ਮੋਹਿਤ ਮਹਿੰਦਰਾ, ਯੂਥ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਮਲਕੀਤ ਸਿੰਘ ਭੁੱਲਰ, ਸਾਬਕਾ ਜ਼ਿਲ੍ਹਾ ਪ੍ਰਧਾਨ ਹਰਚਰਨ ਸਿੰਘ ਸੋਥਾ ਸਮੇਤ ਸਮੁੱਚੀ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਪਾਰਟੀ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਤਨਦੇਹੀ ਤੇ ਈਮਾਨਦਾਰੀ ਨਾਲ ਨਿਭਾਉਣਗੇ।

ਰਿਕਵੀਰ ਨੇ ਆਸਟਰੇਲੀਆ 'ਚ ਪੰਜਾਬ ਦਾ ਨਾਂਅ ਕੀਤਾ ਰੋਸ਼ਨ

ਸੁਨਾਮ ਊਧਮ ਸਿੰਘ ਵਾਲਾ (ਹਾਕਮ ਸਿੰਘ ਭੱਟੀ, ਅਸ਼ੋਕ ਬਾਂਸਲ)-ਪਿਛਲੇ ਦਿਨੀਂ ਆਸਟਰੇਲੀਆ ਦੇ ਪ੍ਰੈਂਸ ਕੋਟ ਸਕੂਲ ਵੱਲੋਂ ਗਰੇਸ ਅੰਡਰ 9 ਸਟੇਟ ਚੈਲੰਜ ਖੇਡਾਂ ਡਿਸਕਸ ਥਰੋ ਕਰਵਾਈਆਂ ਗਈਆਂ, ਜਿਸ ਵਿੱਚ ਅਨੇਕਾਂ ਬੱਚਿਆਂ ਵੱਲੋਂ ਭਾਗ ਲਿਆ ਗਿਆ। ਪੰਜਾਬ ਦੇ ਹੋਣਹਾਰ ਬੱਚੇ ਰਿਕਵੀਰ ਸਿੰਘ ਜਟਾਣਾ (ਪੋਤਰਾ ਦਰਸ਼ਨ ਸਿੰਘ ਸੰਗਤੀਵਾਲਾ) ਨੇ ਐਡੀਲੈਂਡ ਆਸਟਰੇਲੀਆ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਉਨ੍ਹਾ ਦੀ ਇਸ ਉਪਲਬਧੀ ਨਾਲ ਜਿੱਥੇ ਪੰਜਾਬ ਵਿੱਚ ਖੁਸ਼ੀ ਦੀ ਲਹਿਰ ਹੈ, ਉੱਥੇ ਹੀ ਆਸਟਰੇਲੀਆ ਵਿੱਚ ਬੱਚੇ ਨੇ ਪੰਜਾਬ ਦਾ ਨਾਮ ਰੋਸ਼ਨ ਕੀਤਾ ਹੈ ਅਤੇ ਮਾਂ-ਬਾਪ ਦਾ ਵੀ ਮਾਨ ਵਧਾਇਆ ਹੈ।

ਅਸਲਾਧਾਰਕ ਜਲਦ ਜਮ੍ਹਾਂ ਕਰਵਾਉਣ ਅਸਲਾ : ਥਾਣਾ ਮੁਖੀ

ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)-ਥਾਣਾ ਮੁਖੀ ਉਪਕਾਰ ਸਿੰਘ ਨੇ ਅਸਲਾ ਧਾਰਕਾਂ ਨੂੰ ਅਪਣਾ ਅਸਲਾ ਥਾਣੇ ਵਿਖੇ ਜਮ੍ਹਾਂ ਕਰਵਾਉਣ ਦੇ ਨਿਰਦੇਸ਼ ਦਿੱਤੇ ਹਨ ਤਾਂ ਕਿ ਇਲਾਕੇ ਅੰਦਰ ਕੋਈ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ। ਇਨ੍ਹਾਂ ਗੱਲਾਂ ਦੀ ਜਾਣਕਾਰੀ ਗੁਰੂ ਹਰਸਹਾਏ ਦੇ ਥਾਣਾ ਮੁਖੀ ਉਪਕਾਰ ਸਿੰਘ ਨੇ ਕੀਤੀ। ਉਨ੍ਹਾ ਕਿਹਾ ਕਿ ਸੱਤ ਦਿਨਾਂ ਦੇ ਅੰਦਰ ਅੰਦਰ ਸਾਰੇ ਹੀ ਅਸਲਾ ਧਾਰਕ ਆਪਣਾ ਅਸਲਾ ਜਮ੍ਹਾਂ ਕਰਵਾਉਣ। ਉਨ੍ਹਾ ਕਿਹਾ ਕਿ ਜੇਕਰ ਕੋਈ ਅਸਲਾ ਧਾਰਕ ਅਸਲਾ ਜਮ੍ਹਾਂ ਨਹੀਂ ਕਰਵਾਉਂਦਾ ਤਾਂ ਉਸ ਵਿਰੁੱਧ ਸਖਤ ਤੋਂ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾ ਕਿਹਾ ਕਿ ਅਸਲਾ ਧਾਰਕ ਥਾਣੇ ਅੰਦਰ ਜਾਂ ਫਿਰ ਮਨਜ਼ੂਰਸ਼ੁਦਾ ਗਨ ਹਾਊਸ 'ਤੇ ਅਪਣਾ ਅਸਲਾ ਜਮ੍ਹਾਂ ਕਰਵਾ ਸਕਦਾ ਹੈ, ਪ੍ਰੰਤੂ ਉਸ ਦੀ ਰਸੀਦ ਥਾਣੇ ਅੰਦਰ ਦਰਜ ਕਰਵਾਉਣੀ ਲਾਜ਼ਮੀ ਹੋਵੇਗੀ। ਇਸ ਮੌਕੇ ਮੁੱਖ ਮੁਨਸ਼ੀ ਧਰਮਿੰਦਰ ਸਿੰਘ ਤੇ ਹੋਰ ਹਾਜ਼ਰ ਸਨ।

ਨਕਲੀ ਸ਼ਰਾਬ ਮਾਮਲੇ 'ਚ ਥਾਣਾ ਸ਼ੁਤਰਾਣਾ ਦੇ ਐੱਸ ਐੱਚ ਓ ਤੇ ਚੌਕੀ ਠਰੂਆ ਦੇ ਇੰਚਾਰਜ ਮੁਅੱਤਲ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਸੰਗਰੂਰ ਜ਼ਿਲ੍ਹੇ ਦੇ ਸੁਨਾਮ ਤੇ ਦਿੜ੍ਹਬਾ ਇਲਾਕੇ ਵਿੱਚ ਨਕਲੀ ਸ਼ਰਾਬ ਪੀਣ ਨਾਲ ਪਿਛਲੇ ਤਿੰਨਾਂ ਦਿਨਾਂ ਵਿੱਚ ਹੋਈਆਂ 20 ਤੋਂ ਵੱਧ ਮੌਤਾਂ ਦੇ ਮਾਮਲੇ ਵਿੱਚ ਪੰਜਾਬ ਪੁਲਸ ਨੇ ਵੱਡੀ ਕਾਰਵਾਈ ਕਰਦਿਆਂ ਸਬ ਡਵੀਜ਼ਨ ਪਾਤੜਾਂ ਅਧੀਨ ਆਉਂਦੇ ਪੁਲਸ ਥਾਣਾ ਸ਼ੁਤਰਾਣਾ ਦੇ ਮੁਖੀ ਯਸਪਾਲ ਸ਼ਰਮਾ ਤੇ ਪੁਲਸ ਚੌਕੀ ਗੁਲਜ਼ਾਰਪੁਰਾ ਠਰੂਆ ਦੇ ਇੰਚਾਰਜ ਗੁਰਮੀਤ ਸਿੰਘ ਨੂੰ ਡਿਊਟੀ ਵਿੱਚ ਕੁਤਾਹੀ ਵਰਤਣ ਦੇ ਦੋਸ਼ਾਂ ਤਹਿਤ ਮੁਅੱਤਲ ਕਰ ਦਿੱਤਾ ਹੈ। ਇਨ੍ਹਾਂ ਦੀ ਥਾਂ ਪੁਰਸ਼ੋਤਮ ਸ਼ਰਮਾ ਨੂੰ ਥਾਣਾ ਸ਼ੁਤਰਾਣਾ ਦਾ ਮੁਖੀ ਤੇ ਏਐੱਸਆਈ ਲਾਭ ਸਿੰਘ ਨੂੰ ਪੁਲਸ ਚੌਕੀ ਗੁਲਜ਼ਾਰਪੁਰਾ ਠਰੂਆ ਦਾ ਇੰਚਾਰਜ ਲਗਾਇਆ ਗਿਆ ਹੈ। ਨਕਲੀ ਸ਼ਰਾਬ ਪੀਣ ਨਾਲ ਹੋਈਆਂ ਮੌਤਾਂ ਵਾਲੇ ਇਲਾਕਿਆਂ ਵਿੱਚ ਸ਼ਰਾਬ ਸਪਲਾਈ ਕਰਨ ਵਾਲਾ ਵਿਅਕਤੀ ਹਰਮਨ ਵਿਧਾਨ ਸਭਾ ਹਲਕਾ ਸ਼ੁਤਰਾਣਾ ਅਧੀਨ ਆਉਂਦੇ ਪਿੰਡ ਤੇਈਪੁਰ ਦਾ ਰਹਿਣ ਵਾਲਾ ਸੀ, ਜੋ ਆਪਣੇ ਘਰ ਵਿੱਚ ਨਕਲੀ ਸ਼ਰਾਬ ਬਣਾ ਕੇ ਸਪਲਾਈ ਕਰਦਾ ਆ ਰਿਹਾ ਸੀ। ਦੱਸਣਯੋਗ ਹੈ ਕਿ ਹਰਮਨ ਉੱਤੇ ਪਹਿਲਾਂ ਵੀ ਇੱਕ ਵਿਅਕਤੀ ਨੂੰ ਅਗਵਾਹ ਕਰਕੇ ਫਰੌਤੀ ਮੰਗੇ ਜਾਣ ਦਾ ਮਾਮਲਾ ਦਰਜ ਸੀ, ਜਿਸ ਤਹਿਤ ਉਹ ਜੇਲ੍ਹ ਵਿੱਚ ਬੰਦ ਸੀ ਤੇ ਕੁਝ ਸਮਾਂ ਪਹਿਲਾਂ ਹੀ ਜਮਾਨਤ ਉੱਤੇ ਬਾਹਰ ਆਇਆ ਸੀ।

ਸ਼ਹੀਦ ਭਗਤ ਸਿੰ

25-MAR-PAGE-8.qxd 3/24/2024 10:12 PM Page 1

ਜਲੰਧਰ ਦੇ ਸੁੱਚੀ ਪਿੰਡ ਨਹੀਂ ਰੁਕੀ ਮਾਲ ਗੱਡੀ, ਵੱਡਾ ਹਾਦਸਾ ਟਲਿਆ

ਜਲੰਧਰ (ਸੁਰਿੰਦਰ ਕੁਮਾਰ)- ਸਥਾਨਕ ਜਲੰਧਰ ਵਿੱਚ ਇੱਕ ਵੱਡਾ ਰੇਲ ਹਾਦਸਾ ਹੋਣੋਂ ਬਚ ਗਿਆ। ਇੱਥੇ ਇੱਕ ਮਾਲ ਗੱਡੀ ਨੇ

ਰੁਕਣਾ ਸੀ ਪਰ ਉਹ ਰੁਕੀ ਨਹੀਂ। ਇਸ ਰੇਲ ਗੱਡੀ ਨੇ ਜਲੰਧਰ ਦੇ ਸੁੱਚੀ ਪਿੰਡ ਰੇਲਵੇ ਹਾਲਟ ਤੋਂ ਇੰਡੀਅਨ ਆਇਲ ਵਿੱਚ ਦਾਖਲ ਹੋਣਾ ਸੀ। ਲੁਧਿਆਣਾ ਵਿੱਚ ਮਾਲ ਗੱਡੀ ਦਾ ਡਰਾਈਵਰ ਬਦਲਿਆ ਸੀ। ਜਿਸ ਨੂੰ ਰੇਲ ਗੱਡੀ ਦਾ ਵੱਖਰਾ ਰੂਟ ਦਿੱਤਾ ਗਿਆ। ਜਿਸ ਤੋਂ ਬਾਅਦ ਜਦੋਂ ਮਾਲ ਗੱਡੀ ਲੁਧਿਆਣਾ ਤੋਂ ਰਵਾਨਾ ਹੋਈ ਤਾਂ ਡਰਾਈਵਰ ਨੂੰ ਸਟੇਸ਼ਨ ਦੀ ਕੋਡ ਲਿਸਟ ਵੀ ਦੇ ਦਿੱਤੀ ਗਈ। ਪੰਜਾਬ ਵਿੱਚ ਇੱਕ ਵਾਰ ਫਿਰ ਰੇਲਵੇ ਦੀ ਲਾਪਰਵਾਹੀ ਸਾਹਮਣੇ ਆਈ ਹੈ। ਸੂਤਰਾਂ ਤੋਂ ਪਤਾ ਲੱਗਾ ਹੈ ਕਿ ਜਲੰਧਰ ਦੇ ਸੁੱਚੀ ਪਿੰਡ ਸਥਿਤ ਇੰਡੀਅਨ ਆਇਲ ਸਟੇਸ਼ਨ 'ਤੇ ਆ ਰਹੀ ਮਾਲ ਗੱਡੀ ਉਥੇ ਰੁਕਣ ਦੀ ਬਜਾਏ ਸਿੱਧੀ ਪਠਾਨਕੋਟ ਜੰਮੂ ਰੂਟ 'ਤੇ ਚਲੀ ਗਈ। ਜਦੋਂ ਉਕਤ ਰੂਟ 'ਤੇ ਬਿਨਾਂ ਕਿਸੇ ਸੂਚਨਾ ਦੇ ਇੱਕ ਮਾਲ ਗੱਡੀ ਨੂੰ ਦੇਖਿਆ ਗਿਆ ਤਾਂ ਅਧਿਕਾਰੀ ਹੈਰਾਨ ਰਹਿ ਗਏ। ਜੇਕਰ ਮਾਲ ਗੱਡੀ ਸਮੇਂ ਸਿਰ ਨਾ ਰੁਕਦੀ ਤਾਂ ਕੋਈ ਵੱਡਾ ਹਾਦਸਾ ਵਾਪਰ ਸਕਦਾ ਸੀ। ਮਾਲ ਗੱਡੀ ਨੂੰ ਹੁਸ਼ਿਆਰਪੁਰ ਦੇ ਮੁਕੇਰੀਆਂ ਰੇਲਵੇ ਸਟੇਸ਼ਨ ਨੇੜੇ ਰੋਕਿਆ ਗਿਆ ਅਤੇ ਉਥੋਂ ਪੈਟਰੋਲ ਟੈਂਕਰਾਂ ਨੂੰ ਦੁਬਾਰਾ ਜਲੰਧਰ ਲਈ ਰਵਾਨਾ ਕੀਤਾ ਗਿਆ। ਪੂਰੀ ਮਾਲ ਗੱਡੀ ਦੇ ਨਾਲ ਪੈਟਰੋਲ ਟੈਂਕਰ ਲੱਗੇ ਹੋਏ ਸਨ। ਫਿਰੋਜ਼ਪੁਰ ਡਵੀਜ਼ਨ ਇਸ ਘਟਨਾ ਨੂੰ ਵੱਡੀ ਘਟਨਾ ਮੰਨ ਰਹੀ ਹੈ ਕਿਉਂਕਿ ਇਸ ਨਾਲ ਬਹੁਤ ਵੱਡਾ ਨੁਕਸਾਨ ਹੋ ਸਕਦਾ ਸੀ। ਮਾਲ ਗੱਡੀ 47 ਤੇਲ ਕੈਂਟਰ ਲੈ ਕੇ ਗਾਂਧੀਧਾਮ ਤੋਂ ਰਵਾਨਾ ਹੋਈ ਸੀ। ਜਿਸ ਨੇ ਅੱਜ ਜਲੰਧਰ ਦੇ ਸੁੱਚੀ ਪਿੰਡ ਰੇਲਵੇ ਹਾਲਟ ਤੋਂ ਇੰਡੀਅਨ ਆਇਲ ਵਿੱਚ ਦਾਖਲ ਹੋਣਾ ਸੀ। ਇਸ ਤੋਂ ਪਹਿਲਾਂ ਪੰਜਾਬ ਵਿੱਚ ਇੱਕ ਮਾਲ ਗੱਡੀ ਬਿਨਾਂ ਡਰਾਈਵਰ ਦੇ ਚੱਲਦੀ ਦੇਖੀ ਗਈ ਸੀ। ਜਿਸ ਨੂੰ ਕਿਸੇ ਤਰ੍ਹਾਂ ਹੁਸ਼ਿਆਰਪੁਰ ਵਿਖੇ ਰੋਕਿਆ ਗਿਆ। ਉਹ ਗੱਡੀ ਬਿਨਾਂ ਡਰਾਈਵਰ ਤੋਂ ਜੰਮੂ ਕਸ਼ਮੀਰ ਦੇ ਕਠੂਆ ਤੋਂ ਪੰਜਾਬ ਪਹੁੰਚੀ ਸੀ। ਇਸ ਸਬੰਧੀ ਫਿਰੋਜ਼ਪੁਰ ਡਵੀਜ਼ਨ ਦੇ ਡੀ ਆਰ ਐਮ ਨੇ ਕਰੀਬ 6 ਮੁਲਾਜ਼ਮਾਂ ਨੂੰ ਮੁਅੱਤਲ ਕਰ ਦਿੱਤਾ ਸੀ। ਪਿਛਲੇ 40 ਦਿਨਾਂ ਵਿੱਚ ਇਹ ਦੂਜੀ ਵਾਰ ਹੈ ਜਦੋਂ ਫਿਰ ਇਹ ਲਾਪਰਵਾਹੀ ਸਾਹਮਣੇ ਆਈ ਹੈ।

ਸ਼ਹੀਦ ਏ ਆਜ਼ਮ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਨ 'ਤੇ ਭੁੰਗਾ ਵਿਖੇ ਜਾਗਰੂਕਤਾ ਸਮਾਗਮ ਕਰਵਾਇਆ

ਅੱਡਾ ਸਰਾਂ/ਟਾਂਡਾ (ਜਸਵੀਰ ਕਾਜਲ)- ਸ਼ਹੀਦ ਏ ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਨ ਨੂੰ ਸਮਰਪਤ ਸਮਾਗਮ ਸ਼ਹੀਦ ਭਗਤ ਸਿੰਘ ਕ੍ਰਾਂਤੀਕਾਰੀ ਸੁਸਾਇਟੀ ਵੱਲੋਂ ਕਾਹਲੋਂ ਵੋਕੇਸ਼ਨ ਟ੍ਰੇਨਿੰਗ ਇੰਸਟੀਚਿਊਟ ਮੈਨੇਜਮੈਂਟ ਵੈਲਫੇਅਰ ਸੁਸਾਇਟੀ ਦੇ ਸਹਿਯੋਗ ਨਾਲ ਭੁੰਗਾ ਵਿਖੇ ਕਰਵਾਇਆ ਗਿਆ। ਇਸ ਸਮਾਗਮ ਵਿੱਚ ਭਾਸ਼ਣ, ਕਵਿਤਾ, ਗੀਤਾਂ ਅਤੇ ਕੋਰੀਉਗ੍ਰਾਫੀ ਰਾਹੀਂ ਸ਼ਹੀਦ ਭਗਤ ਸਿੰਘ ਦੇ ਜੋਸ਼ੀਲੇ ਜੀਵਨ, ਫਲਸਫੇ ਅਤੇ ਕੁਰਬਾਨੀ ਭਰੇ ਜਜ਼ਬੇ ਸਬੰਧੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਬੁਲਾਰਿਆਂ ਨੇ ਨੌਜਵਾਨਾਂ ਨੂੰ ਸ਼ਹੀਦ ਭਗਤ ਸਿੰਘ ਦੀ ਸੋਚ 'ਤੇ ਪਹਿਰਾ ਦੇਣ ਦੀ ਅਪੀਲ ਕੀਤੀ। ਇਸ ਮੌਕੇ ਰਵਿੰਦਰ ਸਿੰਘ ਕਾਹਲੋਂ ਪ੍ਰਧਾਨ ਸ਼ਹੀਦ ਭਗਤ ਸਿੰਘ ਕ੍ਰਾਂਤੀਕਾਰੀ ਸੁਸਾਇਟੀ ਪੰਜਾਬ ਨੇ ਕਿਹਾ ਕਿ ਜੋ ਕੌਮਾਂ ਆਪਣੇ ਸ਼ਹੀਦਾਂ ਨੂੰ ਭੁੱਲ ਜਾਂਦੀਆਂ ਹਨ ਉਹ ਜ਼ਿਆਦਾ ਦੇਰ ਤੱਕ ਜਿਊਂਦੀਆਂ ਨਹੀਂ ਰਹਿੰਦੀਆਂ। ਇਸ ਮੌਕੇ ਰਾਜ ਕੁਮਾਰੀ ਪ੍ਰਧਾਨ ਵਿਲੇਜ ਡਿਵੈਲਪਮੈਂਟ ਸੁਸਾਇਟੀ ਸਹਿਜੋਵਾਲ ਅਤੇ ਮਨਜੀਤ ਕੌਰ ਭੱਟੀਆਂ ਨੇ ਕਿਹਾ ਕਿ ਅਜੋਕੇ ਸਮੇਂ ਅੰਦਰ ਨੌਜਵਾਨਾਂ ਨੂੰ ਨਸ਼ਿਆਂ ਅਤੇ ਸਮਾਜਿਕ ਬੁਰਾਈਆਂ ਦਾ ਤਿਆਗ ਕਰਕੇ ਚੰਗੇ ਸਮਾਜ ਦੀ ਸਿਰਜਣਾ ਲਈ ਅੱਗੇ ਆਉਣਾ ਚਾਹੀਦਾ ਹੈ। ਇਸ ਮੌਕੇ ਦਵਿੰਦਰ ਸਿੰਘ ਪ੍ਰਧਾਨ ਸ਼ਿਵਾਲਿਕ ਹਿਲਜ਼ ਵੈਲਫੇਅਰ ਸੁਸਾਇਟੀ ਹਾਜੀਪੁਰ, ਕੁਲਵਿੰਦਰ ਕੌਰ ਸੀ.ਈ.ਓ. ਅਮ੍ਰਿਤ ਧਾਰਾ, ਪਰਮਜੀਤ ਸਿੰਘ ਬੀ.ਓ.ਡੀ ਸ਼ਿਵਾਲਿਕ ਐਫ.ਪੀ.ਓ ਅਤੇ ਕਿਰਨ ਕੁਮਾਰੀ ਸੀ.ਈ.ਓ.ਦਸੂਹਾ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਸਟੇਜ ਸਕੱਤਰ

ਦੀ ਭੂਮਿਕਾ ਸੁਮਨਾ ਦੇਵੀ ਸੀ.ਈ.ਓ ਹਿਮਾਲਿਆ ਐਫ.ਪੀ.ਓ ਟਾਂਡਾ ਅਤੇ ਕੋਆਰਡੀਨੇਟਰ ਐਨ.ਜੀ.ਓ. ਨੇ ਨਿਭਾਈ। ਇਸ ਮੌਕੇ ਸਮਾਜ ਸੇਵਾ ਦੇ ਖੇਤਰ ਵਿੱਚ ਵਧੀਆ ਕਾਰਗੁਜ਼ਾਰੀ ਕਰਨ ਵਾਲੀਆ ਸ਼ਖਸੀਅਤਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਸੰਤੋਖ ਕੌਰ ਬੀ.ਓ.ਡੀ ਅਮ੍ਰਿਤ ਧਾਰਾ ਐਫ.ਪੀ.ਓ ਭੁੰਗਾ, ਹਰਦੇਵ ਸਿੰਘ ਹੁੰਦਲ ਬੀ.ਓ.ਡੀ. ਅਮ੍ਰਿਤ ਧਾਰਾ ਐਫ.ਪੀ.ਓ ਭੁੰਗਾ, ਬਲਵੀਰ ਸਿੰਘ ਬੀ.ਓ.ਡੀ ਸ਼ਿਵਾਲਿਕ ਐਫ.ਪੀ.ਓ., ਬਲਜੀਤ ਸਿੰਘ ਢੱਡਾ ਬੀ.ਓ.ਡੀ ਸ਼ਿਵਾਲਿਕ ਐਫ.ਪੀ.ਓ., ਗੁਰਨਾਮ ਸਿੰਘ ਬੀ.ਓ.ਡੀ ਸ਼ਿਵਾਲਿਕ ਐਫ.ਪੀ.ਓ., ਜਗਤਾਰ ਸਿੰਘ ਬੀ.ਓ.ਡੀ ਸ਼ਿਵਾਲਿਕ ਐਫ.ਪੀ.ਓ., ਦਮਨਪ੍ਰੀਤ ਕੌਰ, ਮਨਕੀਰਤ ਸਿੰਘ ਕਾਹਲੋਂ, ਜਸਨੂਰ ਸਿੰਘ, ਤਨਵੀਰ ਕੌਰ, ਪ੍ਰੇਮ ਕੁਮਾਰ ਨੂਰਪੁਰ, ਮੇਨਕਾ, ਚਰਨਜੀਤ ਕੌਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਦਿਹਾਣਾ 'ਚ ਫੁੱਟਬਾਲ ਟੂਰਨਾਮੈਂਟ ਕਰਵਾਇਆ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)- ਪਿੰਡ ਦਿਹਾਣਾ ਵਿਖੇ ਗਦਰੀ ਬਾਬੇ ਸਪੋਰਟਸ ਕਲੱਬ ਵੱਲੋਂ ਸਮੂਹ ਨਗਰ ਨਿਵਾਸੀਆਂ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਤੀਜਾ

ਸ਼ਾਨਦਾਰ 7 ਸਾਈਡ ਫੁੱਟਬਾਲ ਟੂਰਨਾਮੈਂਟ ਆਪਣੀਆਂ ਯਾਦਾਂ ਛੱਡਦਾ ਸਮਾਪਤ ਹੋ ਗਿਆ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ 7 ਸਾਈਡ ਫੁੱਟਬਾਲ ਟੂਰਨਾਮੈਂਟ ਓਪਨ ਵਰਗ ਦੀਆਂ 32 ਟੀਮਾਂ ਅਤੇ 40 ਕਿਲੋਗ੍ਰਾਮ ਭਾਰ 16 ਟੀਮਾਂ ਹਿੱਸਾ ਲਿਆ। ਉਨ੍ਹਾਂ ਦੱਸਿਆ ਕਿ ਪਿੰਡ ਪੱਧਰ ਓਪਨ ਬਘਾਣਾ ਅਤੇ ਸੈਦਪੁਰ ਵਿਚਕਾਰ ਕਰਵਾਇਆ ਗਿਆ। ਜਿਸ ਵਿੱਚ ਪਿੰਡ ਸੈਦਪੁਰ ਦੀ ਜੇਤੂ ਰਹੀ। ਇਸੇ ਤਰ੍ਹਾਂ 40 ਕਿਲੋਗ੍ਰਾਮ ਭਾਰ ਵਰਗ ਪਾਸ਼ਟਾਂ ਅਤੇ ਦਿਹਾਣਾ ਵਿਚਕਾਰ ਕਰਵਾਇਆ ਗਿਆ। ਜਿਸ ਵਿੱਚ ਪਾਸ਼ਟਾਂ ਦੀ ਟੀਮ ਜੇਤੂ ਰਹੀ। ਇਸੇ ਤਰ੍ਹਾਂ ਸ਼ੋਅ ਮੈਚ ਫੁੱਟਬਾਲ ਮੈਚ ਹਾਰਟਾ ਅਤੇ ਦਿਹਾਣਾ ਵਿਚਕਾਰ ਕਰਵਾਇਆ ਗਿਆ। ਜਿਸ ਵਿੱਚ ਹਾਰਟਾ ਦੀ ਟੀਮ ਜੇਤੂ ਰਹੀ। ਪ੍ਰਬੰਧਕਾਂ ਦੱਸਿਆ ਕਿ ਫਾਈਨਲ ਵਾਲੇ ਦਿਨ ਮੁੱਖ ਮਹਿਮਾਨ ਚੇਅਰਮੈਨ ਹਰਮਿੰਦਰ ਸਿੰਘ ਸੰਧੂ ਚੱਬੇਵਾਲ ਜੇਤੂ ਅਤੇ ਉਪ ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਕੀਤੀ। ਇਸ ਮੌਕੇ ਸਤਵੀਰ ਸਿੰਘ, ਹਰਦੀਪ ਲੌਂਗੀਆ, ਅਵਤਾਰ ਸਿੰਘ ਨੈਸ਼ਨਲ ਐਥਲੀਟ ਦਿਹਾਣਾ, ਜਥੇਦਾਰ ਪਰਮਜੀਤ ਸਿੰਘ ਸੈਣੀ, ਪਰਮਦੀਪ ਸਿੰਘ ਪੰਚ, ਨੰਬਰਦਾਰ ਸਰਜਿੰਦਰ ਸਿੰਘ ਕਿੰਗ, ਸਰਪੰਚ ਕਰਮਜੀਤ ਕੌਰ ਜਸਵਾਲ ਦਿਹਾਣਾ, ਜਥੇਦਾਰ ਬਰਿੰਦਰ ਸਿੰਘ ਜਸਵਾਲ, ਸੰਦੀਪ ਸਿੰਘ ਫੌਜੀ, ਤਰਲੋਚਨ ਸਿੰਘ, ਜਸਵਿੰਦਰ ਸਿੰਘ ਛਾਉਣੀ ਕਲਾਂ ਆਦਿ ਹਾਜ਼ਰ ਸਨ।

ਸੇਂਟ ਸੋਲਜਰ ਲਾਅ ਕਾਲਜ ਵਿਖੇ ਲਗਾਇਆ ਖੂਨਦਾਨ ਕੈਂਪ

ਜਲੰਧਰ (ਇਕਬਾਲ ਸਿੰਘ ਉੱਭੀ)- ਸੇਂਟ ਸੋਲਜਰ ਲਾਅ ਕਾਲਜ ਜਲੰਧਰ ਵੱਲੋਂ ਕਾਲਜ ਡਾਇਰੈਕਟਰ ਡਾ.ਐਸ.ਸੀ.ਸ਼ਰਮਾ ਅਤੇ ਸਮੂਹ ਸਟਾਫ ਮੈਂਬਰਾਂ ਦੀ ਦੇਖ-ਰੇਖ ਹੇਠ ਖੂਨਦਾਨ ਕੈਂਪ ਲਗਾਇਆ ਗਿਆ। ਇਹ ਕੈਂਪ ਸ਼ਹੀਦ-ਏ-ਆਜ਼ਮ ਭਗਤ ਸਿੰਘ ਨੂੰ ਸ਼ਰਧਾਂਜਲੀ ਦੇਣ ਲਈ ਲਗਾਇਆ ਗਿਆ। ਮੁੱਖ ਮਹਿਮਾਨ ਗਰੁੱਪ ਚੇਅਰਮੈਨ ਅਨਿਲ ਚੋਪੜਾ ਸਨ, ਜਿਨ੍ਹਾਂ ਨੇ ਸ਼ਹੀਦ ਭਗਤ ਸਿੰਘ ਦੀ ਪ੍ਰਤਿਭਾ ਨੂੰ ਫੁੱਲ ਮਾਲਾਵਾਂ ਅਤੇ ਮੋਮਬੱਤੀਆਂ ਜਗਾ ਕੇ ਸ਼ਰਧਾਂਜਲੀ ਦਿੱਤੀ। ਕੈਂਪ ਨੂੰ ਕਾਲਜ ਦੇ ਐਨ.ਸੀ.ਸੀ ਅਤੇ ਐਨ.ਐਸ.ਐਸ ਵਿਭਾਗਾਂ ਦਾ ਵੀ ਸਹਿਯੋਗ ਮਿਲਿਆ। ਪ੍ਰੋਫੈਸਰ ਰਿੰਕਾ ਰਾਣੀ (ਡੀਨ ਸਟੂਡੈਂਟਸ ਕੌਂਸਲ), ਲੈਫਟੀਨੈਂਟ ਨੇਹਾ ਛੀਨਾ (ਏ.ਐਨ.ਓ., ਐਨ.ਸੀ.ਸੀ.) ਅਤੇ ਪ੍ਰੋਫੈਸਰ ਕੋਮਲ ਕਾਲੜਾ ਐਨ.ਐਸ.ਐਸ ਪ੍ਰੋਗਰਾਮ ਅਫਸਰ ਨੇ ਪ੍ਰਬੰਧ ਕੀਤਾ ਅਤੇ ਵਿਦਿਆਰਥੀਆਂ ਨੂੰ ਖੂਨਦਾਨ ਕਰਨ ਲਈ ਪ੍ਰੇਰਿਤ ਕੀਤਾ। ਡਾ: ਗੁਰਪਿੰਦਰ ਸੈਣੀ, (ਬਲੱਡ ਟ੍ਰਾਂਸਫਿਊਜ਼ਨ ਅਫਸਰ ਸਿਵਲ ਹਸਪਤਾਲ ਜਲੰਧਰ) ਦੀ ਅਗਵਾਈ ਹੇਠ ਮੈਡੀਕਲ ਟੀਮ ਨੇ 100 ਯੂਨਿਟ ਤੋਂ ਵੱਧ ਖੂਨ ਇਕੱਤਰ ਕੀਤਾ। ਸੇਂਟ ਸੋਲਜਰ ਦੇ ਕਰਮਚਾਰੀਆਂ, ਖੇਡ ਕੋਚਾਂ, ਡਰਾਈਵਰਾਂ ਅਤੇ ਸੁਰੱਖਿਆ ਕਰਮਚਾਰੀਆਂ ਨੇ ਵੀ ਖੂਨਦਾਨ ਕੀਤਾ।

ਮਾਸਟਰ ਉੱਗੀ ਭਾਰਤੀਯ ਵਾਲਮੀਕਿ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਨਿਯੁਕਤ

ਕਾਲਾ ਸੰਘਿਆਂ (ਮਨਜੀਤ ਮਾਨ)- ਪਿੰਡ ਉੱਗੀ ਜ਼ਿਲ੍ਹਾ ਜਲੰਧਰ ਵਿਖੇ ਭਾਰਤੀਯ ਵਾਲਮੀਕਿ ਸਭਾ ਦੇ ਅਹੁਦੇਦਾਰਾਂ ਦੀ ਇੱਕ ਅਹਿਮ ਮੀਟਿੰਗ ਭਗਵਾਨ ਵਾਲਮੀਕਿ ਮੰਦਿਰ ਵਿਖੇ ਹੋਈ, ਜਿਸ ਵਿੱਚ ਪਿਛਲੀ ਪੰਜਾਬ ਇਕਾਈ ਭੰਗ ਕਰਕੇ ਨਵੀਂ ਇਕਾਈ ਦਾ ਗਠਨ ਕੀਤਾ ਗਿਆ। ਮਾਸਟਰ ਮਹਿੰਦਰ ਪਾਲ ਉੱਗੀ ਨੂੰ ਸਰਵਸੰਮਤੀ ਨਾਲ ਪੰਜਾਬ ਦਾ ਸੂਬਾ ਪ੍ਰਧਾਨ ਨਿਯੁਕਤ ਕੀਤਾ ਗਿਆ। ਮਾਸਟਰ ਉੱਗੀ

ਨੇ ਜਿਥੇ ਹਾਈਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਵਾਂਗਾ।

ਮੌਜੂਦਾ ਉੱਚ ਵਿਆਜ ਦਰਾਂ ਪੈਨਸ਼ਨ ਉਤਪਾਦ 'ਚ ਨਿਵੇਸ਼ ਕਰਨ ਦਾ ਸਹੀ ਸਮਾਂ

ਜਲੰਧਰ : ਕਈ ਬਾਜਾਰ ਮਾਹਰਾਂ ਦਾ ਮੰਨਣਾ ਹੈ ਕਿ ਭਾਰਤ ਵਿਚ ਅਗਲੇ ਕੁਝ ਮਹੀਨਿਆਂ ਵਿਚ ਵਿਆਜ ਦਰਾਂ ਮੌਜੂਦਾ ਪੱਧਰ ਤੋਂ ਹੇਠਾਂ ਆ ਜਾਣਗੀਆਂ। 7% ਗਾਹਕਾਂ ਨੂੰ ਮੌਜੂਦਾ ਵਿਆਜ ਦਰ 'ਤੇ ਸਾਲਾਨਾ ਉਤਪਾਦ ਵਿੱਚ ਆਪਣੇ ਨਿਵੇਸ਼ ਨੂੰ ਲਾਕ-ਇਨ ਕਰਨ ਦਾ ਮੌਕਾ ਦੇ ਰਿਹਾ ਹੈ। ਆਈਸੀਆਈਸੀਆਈ ਗਾਰੰਟੀਸ਼ੁਦਾ ਪੈਨਸ਼ਨ ਪਲਾਨ ਫਲੈਕਸੀ ਐਨੂਅਟੀ ਉਤਪਾਦਾਂ ਵਿੱਚੋਂ ਵੱਖਰਾ ਹੈ ਕਿਉਂਕਿ ਇਹ ਗਾਹਕਾਂ ਨੂੰ ਯੋਜਨਾਬੱਧ ਨਿਵੇਸ਼ ਕਰਕੇ ਰਿਟਾਇਰਮੈਂਟ ਕਾਰਪਸ ਬਣਾਉਣ ਵਿੱਚ ਮਦਦ ਕਰਦਾ ਹੈ। ਇਹ ਰਿਟਾਇਰਮੈਂਟ ਤੋਂ ਬਾਅਦ ਸਥਿਰ ਆਮਦਨ ਨੂੰ ਯਕੀਨੀ ਬਣਾਉਂਦਾ ਹੈ, ਜੋ ਖਾਸ ਤੌਰ 'ਤੇ ਭਾਰਤ ਵਰਗੇ ਬਾਜਾਰ ਵਿੱਚ ਲਾਭਦਾਇਕ ਹੈ, ਜਿੱਥੇ ਵਿਆਜ ਦਰਾਂ ਵਿੱਚ ਗਿਰਾਵਟ ਦੀ ਭਵਿੱਖਬਾਣੀ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ, ਇਸ ਯੋਜਨਾ ਦਾ ਇੱਕ ਸੰਸਕਰਣ ਇੱਕ ਵਿਲੱਖਣ ਵਿਸ਼ੇਸ਼ਤਾ ਦੀ ਪੇਸ਼ਕਸ਼ ਕਰਦਾ ਹੈ ਜੋ ਭੁਗਤਾਨ ਕੀਤੇ ਸਾਰੇ ਪ੍ਰੀਮੀਅਮਾਂ ਦੀ 100% ਰਿਫੰਡ ਕਰਦਾ ਹੈ, ਇਹ ਜੀਵਨ ਬੀਮਾ ਉਦਯੋਗ ਵਿੱਚ ਅਜਿਹਾ ਪਹਿਲਾ ਉਤਪਾਦ ਹੈ।

ਡਿਪਟੀ ਕਮਿਸ਼ਨਰ ਤੇ ਐੱਸ ਐੱਸ ਪੀ ਵੱਲੋਂ ਸ਼ਹੀਦ ਦੇ ਜੱਦੀ ਪਿੰਡ 'ਚ ਸ਼ਰਧਾਂਜਲੀ ਭੇਂਟ

ਬੰਗਾ (ਅਵਤਾਰ ਕਲੇਰ) ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਖਟਕੜ ਕਲਾਂ ਵਿਖੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਸ਼ਹੀਦੀ ਦਿਵਸ 'ਤੇ ਸ਼ਰਧਾਂਜਲੀ ਭੇਂਟ ਕੀਤੀ। ਉਨ੍ਹਾਂ ਨੇ ਕਿਹਾ ਕਿ ਇਹ ਦਿਨ ਸਾਨੂੰ ਧਰਤੀ ਮਾਂ ਦੇ ਸੱਚੇ ਸਪੂਤ

ਵੱਲੋਂ ਦਿੱਤੇ ਮਹਾਨ ਬਲੀਦਾਨ ਬਾਰੇ ਚੇਤੇ ਕਰਵਾਉਂਦਾ ਹੈ।ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਸ਼ਹਾਦਤ ਸਾਨੂੰ ਹਮੇਸ਼ਾ ਬੇਇਨਸਾਫ਼ੀ, ਜੁਲਮ ਅਤੇ ਦਮਨ ਖ਼ਿਲਾਫ਼ ਖੜ੍ਹੇ ਹੋਣ ਲਈ ਪ੍ਰੇਰਦੀ ਰਹੇਗੀ। ਸਾਡਾ ਸਾਰਿਆਂ ਦਾ ਨੈਤਿਕ ਫ਼ਰਜ਼ ਬਣਦਾ ਹੈ ਕਿ ਸਮਾਜ ਵਿੱਚ ਫੈਲੀਆਂ ਸਾਰੀਆਂ ਕੁਰੀਤੀਆਂ ਵਿਰੁੱਧ ਅਸੀਂ ਜੰਗ ਛੇੜੀਏ।ਇਨ੍ਹਾਂ ਨੌਜਵਾਨ ਨਾਇਕਾਂ ਨੇ ਛੋਟੀ ਉਮਰ ਵਿੱਚ ਹੀ ਆਪਣੇ ਜੀਵਨ ਦਾ ਬਲੀਦਾਨ ਦੇ ਕੇ ਦੇਸ਼ ਨੂੰ ਵਿਦੇਸ਼ੀ ਸਾਮਰਾਜਵਾਦ ਦੇ ਜੂਲੇ ਤੋਂ ਮੁਕਤ ਕਰਵਾਇਆ। ਉਨ੍ਹਾਂ ਨੇ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਅੱਗੇ ਆਉਣ। ਇਸ ਤੋਂ ਪਹਿਲਾਂ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਅਤੇ ਐਸ.ਐਸ.ਪੀ ਡਾ. ਮਹਿਤਾਬ ਸਿੰਘ ਨੇ ਸ਼ਹੀਦ ਦੇ ਪਿਤਾ ਕਿਸ਼ਨ ਸਿੰਘ ਦੀ ਸਮਾਧ 'ਤੇ ਜਾ ਕੇ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਨੇ ਸ਼ਹੀਦ ਭਗਤ ਸਿੰਘ ਦੇ ਬੁੱਤ 'ਤੇ ਸ਼ਰਧਾ ਦੇ ਫੁੱਲ ਵੀ ਭੇਟ ਕੀਤੇ।

ਸ਼ਹੀਦ-ਏ-ਆਜ਼ਮ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਦਾ ਸ਼ਹੀਦੀ ਦਿਵਸ ਮਨਾਇਆ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)—ਸਰਕਾਰੀ ਕਾਲਜ, ਹੁਸ਼ਿਆਰਪੁਰ ਦੇ ਪ੍ਰਿੰਸੀਪਲ ਅਨੀਤਾ ਸਾਗਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵਾਇਸ ਪ੍ਰਿੰਸੀਪਲ ਪ੍ਰੋ. ਵਿਜੇ ਕੁਮਾਰ ਅਤੇ ਅਸਿਸਟੈਂਟ ਪ੍ਰੋਫੈਸਰ ਰਣਜੀਤ ਕੁਮਾਰ ਦੇ ਸਹਿਯੋਗ ਨਾਲ ਸ਼ਹੀਦ-ਏ-ਆਜ਼ਮ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਜੀ ਦਾ ਸ਼ਹੀਦੀ ਦਿਵਸ ਮਨਾਇਆ ਗਿਆ। ਸਾਈਕਲ ਰੈਲੀ ਕੱਢੀ ਗਈ ਤੇ ਸੈਮੀਨਾਰ ਕਰਵਾਇਆ ਗਿਆ ਅਤੇ ਉਹਨਾਂ ਦੇ ਜੀਵਨ ਅਤੇ ਘਟਨਾਵਾਂ ਤੇ ਨਾਟਕ ਦਾ ਮੰਚਨ ਕੀਤਾ ਗਿਆ। ਪਹਿਲਾਂ ਕ

25-MAR-PAGE-9.qxd 3/24/2024 10:11 PM Page 1

ਪਾਸ਼-ਹੰਸਰਾਜ ਸ਼ਹੀਦੀ ਸਮਾਗਮ ਮੌਕੇ ਆਗੂਆਂ ਵੱਲੋਂ ਲੋਕ ਲਹਿਰ ਉਸਾਰਨ ਦਾ ਸੱਦਾ

ਪਿੰਡ ਤਲਵੰਡੀ ਸਲੇਮ 'ਚ ਪਾਸ਼, ਹੰਸ ਰਾਜ, ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਨੂੰ ਸ਼ਰਧਾਂਜਲੀਆਂ

ਕਾਲਾ ਸੰਘਿਆਂ (ਮਨਜੀਤ ਮਾਨ)-ਚੋਟੀ ਦੇ ਇਨਕਲਾਬੀ ਕਵੀ ਅਵਤਾਰ ਪਾਸ਼ ਅਤੇ ਉਸ ਦੇ ਦੋਸਤ ਹੰਸ ਰਾਜ ਦੀ 36ਵੀਂ ਬਰਸੀ ਮੌਕੇ ਸ਼ਹੀਦੀ ਯਾਦਗਾਰ ਕਮੇਟੀ ਵਲੋਂ ਆਯੋਜਿਤ ਸਮਾਗਮ ਮੌਕੇ ਆਗੂਆਂ ਨੇ ਕੌਮੀ ਮੁਕਤੀ ਲਹਿਰ ਦੇ ਮਹਾਨ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਵਿਚਾਰਧਾਰਾ ਨੂੰ ਬੁਲੰਦ ਕਰਦਿਆਂ ਵੱਡੀ ਲੋਕ ਲਹਿਰ ਉਸਾਰਨ ਦਾ ਸੱਦਾ ਦਿੰਦਿਆਂ ਕਿਹਾ ਕਿ ਅੱਜ ਹਾਕਮ ਜਮਾਤਾਂ ਨੇ ਜਨਤਕ ਜਮਹੂਰੀ ਜਥੇਬੰਦੀਆਂ ਨੂੰ ਕੁਚਲਣ ਦਾ ਤਹੱਈਆ ਕਰ ਲਿਆ ਹੈ ਅਤੇ ਸਭ ਕੁਝ ਕਾਰਪੋਰੇਟ ਘਰਾਣਿਆਂ ਨੂੰ ਲੁਟਾਉਣ ਲਈ ਮੋਦੀ ਸਰਕਾਰ ਸਭ ਹੱਦਾਂ ਬੰਨੇ ਟੱਪ ਗਈ ਹੈ। ਉਨ੍ਹਾਂ ਕਿਹਾ ਕਿ ਗਰੀਬੀ ਅਮੀਰੀ ਚ ਪਾੜਾ ਏਨਾ ਵਧ ਗਿਆ ਹੈ ਇਕ ਫੀਸਦ ਅਰਬਪਤੀਆਂ ਨੇ ਦੇਸ਼ ਦੀ ਚਾਲੀ ਫੀਸਦ ਦੌਲਤ 'ਤੇ ਕਬਜ਼ਾ ਕਰ ਲਿਆ ਹੈ ਜਦਕਿ ਅੱਸੀ ਫੀਸਦੀ ਅਬਾਦੀ ਗਰੀਬੀ ਰੇਖਾ ਤੋਂ ਹੇਠਾਂ ਜੂਨ ਬਸਰ ਕਰਨ ਲਈ ਮਜਬੂਰ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਹਾਕਮ ਜਮਾਤਾਂ ਤੋਂ ਕਿਸੇ ਤਰ੍ਹਾਂ ਦੀ ਝਾਕ ਰੱਖਣ ਦੀ ਬਜਾਏ ਆਪਣੀ ਤਾਕਤ 'ਤੇ ਭਰੋਸਾ ਰੱਖੋ ਕਿਉਂਕਿ ਅੰਦੋਲਨ ਦੀ ਆਪਣੀ ਸੱਤਾ ਹੁੰਦੀ ਹੈ ਜਿਸ ਨਾਲ ਲੋਕ ਜਮਹੂਰੀਅਤ ਮਾਣ ਸਕਦੇ। ਇਸ ਮੌਕੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਹਰਮੇਸ਼ ਮਾਲੜੀ, ਭਾਕਿਯੂ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਸਕੱਤਰ ਗੁਰਚਰਨ ਸਿੰਘ ਚਾਹਲ, ਤਰਕਸ਼ੀਲ ਸੁਸਾਇਟੀ ਪੰਜਾਬ ਦੇ ਆਗੂ ਸੁਖਵਿੰਦਰ ਬਾਗਪੁਰ, ਪੰਜਾਬ ਲੋਕ ਸੱਭਿਆਚਾਰਕ ਮੰਚ ਦੇ ਸੂਬਾ ਪ੍ਰਧਾਨ ਅਮੋਲਕ ਸਿੰਘ, ਪਾਸ਼ ਕੌਮਾਂਤਰੀ ਟਰੱਸਟ ਦੇ ਮੈਂਬਰ ਡਾਕਟਰ ਪਰਮਿੰਦਰ ਸਿੰਘ ਸੰਬੋਧਨ ਕੀਤਾ ਅਤੇ ਪਾਸ ਹੰਸਰਾਜ ਸਹੀਦੀ ਯਾਦਗਾਰ ਕਮੇਟੀ ਦੇ ਕਨਵੀਨਰ ਮੋਹਨ ਸਿੰਘ ਬੱਲ ਨੇ ਕੌਮਾਂਤਰੀ ਪਾਸ ਟਰੱਸਟ ਦੇ ਕਨਵੀਨਰ ਡਾਕਟਰ ਸੁਰਿੰਦਰ ਧੰਜਲ ਦਾ ਕਨੇਡਾ ਤੋਂ ਆਇਆ ਸੁਨੇਹਾ ਲੋਕਾਂ ਨਾਲ ਸਾਂਝਾ ਕੀਤਾ। ਇਸ ਮੌਕੇ ਅਵਤਾਰ ਪਾਸ਼ ਦੀਆਂ ਦੋਵੇਂ ਭੈਣਾਂ ਪਰਮਿੰਦਰ ਕੌਰ ਗਿੱਲ ਅਤੇ ਰਾਜਿੰਦਰ ਕੌਰ ਤੋਂ ਇਲਾਵਾ ਸਮਾਗਮ ਵਿੱਚ ਇੰਗਲੈਂਡ ਤੋਂ ਵਿਸ਼ੇਸ਼ ਤੌਰ ਉੱਤੇ ਪਹੁੰਚੇ ਸਰਵਸਾਥੀ ਰਤਨਪਾਲ ਮਹਿੰਮੀ, ਭਗਵੰਤ ਸਿੰਘ, ਕੁਲਵੰਤ ਸਿੰਘ, ਤਾਰੀ ਅਟਵਾਲ, ਸੁਰਿੰਦਰ ਕੁਮਾਰੀ ਕੋਛੜ, ਪ੍ਰੋਫੈਸਰ ਤਰਸੇਮ ਸਾਗਰ ਅਤੇ ਤਰਕਸ਼ੀਲ ਆਗੂ ਸੁਮੀਤ ਸਿੰਘ ਸ਼ਾਮਲ ਸਨ। ਇਸ ਮੌਕੇ ਨਾਟਕਕਾਰ ਕੇਵਲ ਧਾਲੀਵਾਲ ਦੀ ਟੀਮ ਵੱਲੋਂ ਪ੍ਰਸਿੱਧ ਨਾਟਕ ਧਮਕ ਨਗਾਰੇ ਦੀ ਪੇਸ਼ ਕੀਤਾ ਗਿਆ।

ਮੋਹਾਲੀ ਪ੍ਰੈੱਸ ਕਲੱਬ ਚੋਣਾਂ : ਚੋਣ ਕਮਿਸ਼ਨ ਵੱਲੋਂ ਚੋਣ ਸ਼ਡਿਊਲ ਜਾਰੀ

ਮੋਹਾਲੀ (ਗੁਰਜੀਤ ਬਿੱਲਾ) : ਮੋਹਾਲੀ ਪ੍ਰੈਸ ਕਲੱਬ ਦੀ 30 ਮਾਰਚ ਨੂੰ ਹੋਣ ਵਾਲੀ ਸਲਾਨਾ ਚੋਣ ਸਬੰਧੀ ਅੱਜ ਚੋਣ ਕਮਿਸ਼ਨ ਵਲੋਂ ਚੋਣ ਸ਼ਡਿਊਲ ਜਾਰੀ ਕਰ ਦਿੱਤਾ ਗਿਆ। ਮੁੱਖ ਚੋਣ ਅਧਿਕਾਰੀ ਹਰਿੰਦਰ ਪਾਲ ਸਿੰਘ ਹੈਰੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ, ਜਿਸ ਵਿੱਚ ਚੋਣ ਅਧਿਕਾਰੀ ਧਰਮਪਾਲ ਉਪਾਸ਼ਕ ਅਤੇ ਕੁਲਵਿੰਦਰ ਸਿੰਘ ਬਾਵਾ ਹਾਜ਼ਰ ਸਨ, ਨੇ ਸ਼ਡਿਊਲ ਜਾਰੀ ਕਰਦਿਆਂ ਦੱਸਿਆ ਕਿ 30 ਮਾਰਚ ਦੀ ਚੋਣ ਸਬੰਧੀ ਨਾਮਜ਼ਦਗੀਆਂ ਭਰਨ ਲਈ 26 ਮਾਰਚ ਨੂੰ ਸਵੇਰੇ 10.00 ਵਜੇ ਤੱਕ ਲਏ ਜਾ ਸਕਣਗੇ ਅਤੇ ਨਾਮਜ਼ਦਗੀਆਂ ਭਰਨ ਦਾ ਸਮਾਂ ਸਵੇਰੇ 11.00 ਵਜੇ ਤੋਂ ਦੁਪਹਿਰ 1.00 ਵਜੇ ਤੱਕ ਰੱਖਿਆ ਗਿਆ ਹੈ ਜਦਕਿ ਨਾਮਜ਼ਦਗੀ ਵਾਪਸ ਲੈਣ ਦਾ ਸਮਾਂ 27 ਮਾਰਚ ਨੂੰ ਬਾਅਦ ਦੁਪਹਿਰ 3.00 ਵਜੇ ਤੱਕ ਨਿਰਧਾਰਤ ਕੀਤਾ ਗਿਆ ਹੈ। ਨਾਮਜ਼ਦਗੀ ਫਾਰਮਾਂ ਦੀ ਪੜਤਾਲ 27 ਮਾਰਚ ਨੂੰ ਦੁਪਹਿਰ 3.00 ਵਜੇ ਤੋਂ 4.00 ਵਜੇ ਤੱਕ ਹੋਵੇਗੀ। ਚੋਣ ਪ੍ਰਕਿਰਿਆ 30 ਮਾਰਚ ਨੂੰ ਸਵੇਰੇ 10.00 ਵਜੇ ਤੋਂ ਬਾਅਦ ਦੁਪਹਿਰ 2.00 ਵਜੇ ਤੱਕ ਹੋਵੇਗੀ। ਇਹ ਚੋਣ ਮੋਹਾਲੀ ਪ੍ਰੈਸ ਕਲੱਬ, ਕੋਠੀ ਨੰਬਰ 384, ਫੇਜ਼-4, ਮੋਹਾਲੀ ਵਿਖੇ ਹੋਵੇਗੀ ਜਦਕਿ ਚੋਣ ਨਤੀਜੇ 30 ਮਾਰਚ ਨੂੰ ਸ਼ਾਮੀਂ 4.00 ਵਜੇ ਐਲਾਨੇ ਜਾਣਗੇ। ਜੇਕਰ ਮਿਤੀ 27 ਮਾਰਚ ਤੱਕ ਸਰਬਸੰਮਤੀ ਜਾਂ ਬਿਨਾਂ ਮੁਕਾਬਲੇ ਨਾਲ ਅਹੁਦੇਦਾਰ ਚੁਣੇ ਜਾਂਦੇ ਹਨ ਤਾਂ ਇਸ ਦੇ ਨਤੀਜੇ ਉਸੇ ਦਿਨ ਹੀ ਸ਼ਾਮ 4.00 ਵਜੇ ਤੋਂ ਬਾਅਦ ਐਲਾਨ ਕੀਤੇ ਜਾ ਸਕਦੇ ਹਨ। ਨਾਮਜ਼ਦਗੀ ਫਾਰਮ ਭਰਨ ਤੋਂ ਪਹਿਲਾਂ ਕਲੱਬ ਦੇ ਮੈਨੇਜਰ ਕੋਲੋਂ ਸਲਾਨਾ ਫੀਸ ਅਤੇ ਨੋ ਡਿਊਜ਼ ਸਰਟੀਫਿਕੇਟ ਲੈਣਾ ਲਾਜ਼ਮੀ ਹੋਵੇਗਾ ਅਤੇ ਨਾਮਜ਼ਦਗੀ ਫਾਰਮ ਜਮ੍ਹਾਂ ਕਰਨ ਮੌਕੇ ਬਤੌਰ 800 ਰੁਪਏ ਦੀ ਨਾ-ਮੋੜਨਯੋਗ ਰਾਸ਼ੀ ਬਤੌਰ ਫੀਸ ਲਈ ਜਾਵੇਗੀ। ਚੋਣ ਕਮਿਸ਼ਨ ਨੇ ਇਹ ਵੀ ਦੱਸਿਆ ਕਿ ਵੋਟ ਪਾਉਣ ਦੇ ਅਧਿਕਾਰ ਲਈ ਕਲੱਬ ਦੇ ਮੈਂਬਰਾਂ ਨੂੰ ਆਪਣੇ ਬਣਦੇ ਸਾਰੇ ਬਕਾਏ 26 ਮਾਰਚ ਨੂੰ ਸਵੇਰੇ 10.00 ਵਜੇ ਤੱਕ ਕਲੀਅਰ ਕਰਨੇ ਹੋਣਗੇ। ਪ੍ਰੈਸ ਕਲੱਬ ਦੀ ਚੋਣ ਲੜਨ ਵਾਲਾ ਉਮੀਦਵਾਰ ਦੂਸਰੇ ਚੋਣ ਲੜਨ ਵਾਲੇ ਉਮੀਦਵਾਰ ਦਾ ਨਾਂ ਪ੍ਰਪੋਜ਼ ਭਾਵ ਆਪਸ ਦੇ ਵਿਚ ਇਕ-ਦੂਜੇ ਦਾ ਨਹੀਂ ਕਰ ਸਕੇਗਾ। ਕਲੱਬ ਦਾ ਯੋਗ ਮੈਂਬਰ ਕੇਵਲ ਇਕ ਹੀ ਉਮੀਦਵਾਰ ਦਾ ਨਾਮ ਪ੍ਰਪੋਜ਼ ਕਰ ਸਕੇਗਾ।

ਦੇਸ਼ ਭਗਤ ਯਾਦਗਾਰ ਹਾਲ ਦੇ ਗਦਰੀ ਪਾਰਕ ਦਾ ਉਦਘਾਟਨ

ਜਲੰਧਰ (ਕੇਸਰ)-ਦੇਸ਼ ਭਗਤ ਯਾਦਗਾਰ ਕਮੇਟੀ ਨੇ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ, ਸ਼ਹੀਦ ਊਧਮ ਸਿੰਘ, ਪਾਸ਼ ਅਤੇ ਹੰਸ ਰਾਜ ਨੂੰ ਯਾਦ ਕਰਦਿਆਂ ਸਵੇਰੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਗਦਰ ਪਾਰਕ ਦਾ ਉਦਘਾਟਨ ਕੀਤਾ। ਸ਼ਹੀਦ ਊਧਮ ਸਿੰਘ ਵੈਲਫੇਅਰ ਟਰੱਸਟ ਅਤੇ ਸ਼ਹੀਦ ਊਧਮ ਸਿੰਘ ਸੈਂਟਰ ਦੀ ਵਿਸ਼ੇਸ਼ ਸਹਾਇਤਾ ਨਾਲ ਬਣਨ ਵਾਲੇ ਗਦਰੀ ਪਾਰਕ ਦੇ ਉਦਘਾਟਨ ਸਮੇਂ ਗਦਰ ਲਹਿਰ ਦੀ ਕਹਾਣੀ ਤਸਵੀਰਾਂ ਦੀ ਜ਼ੁਬਾਨੀ ਪੇਸ਼ ਕੀਤੀ ਗਈ। ਇਸ ਤੋਂ ਇਲਾਵਾ ਪਾਰਕ 'ਚ ਫੁੱਲ ਬੂਟਿਆਂ ਤੋਂ ਇਲਾਵਾ ਦਰੱਖਤਾਂ ਨਾਲ ਕਿਤਾਬਾਂ ਦੇ ਆਲ੍ਹਣੇ ਵੀ ਬਣਾਏ ਜਾਣਗੇ। ਇਨ੍ਹਾਂ ਆਲ੍ਹਣਿਆਂ ਵਿੱਚੋਂ ਲੋੜਵੰਦ ਪਾਠਕ ਕਿਤਾਬਾਂ ਸੇਵਾ ਰਾਸ਼ੀ ਦੇ ਕੇ ਲਿਜਾ ਸਕਣਗੇ। ਪਾਰਕ ਵਿੱਚ ਲਾਈਟ ਐਂਡ ਸਾਊਂਡ ਦਾ ਵੀ ਦਿਲਕਸ਼ ਪ੍ਰਬੰਧ ਕੀਤਾ ਜਾਏਗਾ ਜਿਸ ਵਿਚ ਗਦਰੀ ਗੂੰਜਾਂ ਅਤੇ ਦੇਸ਼ ਭਗਤੀ ਦਾ ਸੰਗੀਤ ਲੋਕਾਂ ਨੂੰ ਆਪਣੀ ਮਹਾਨ ਇਤਿਹਾਸਕ ਵਿਰਾਸਤ ਨਾਲ ਜੋੜੇਗਾ ਅਤੇ ਅਜੋਕੇ ਸਮੇਂ ਵਿਰਾਸਤ ਦੀ ਪ੍ਰਸੰਗਿਕਤਾ ਅਤੇ ਸਾਰਥਕਤਾ ਉਭਾਰਨ ਦਾ ਕੰਮ ਕਰੇਗਾ। ਜ਼ਿਕਰਯੋਗ ਹੈ ਕਿ ਇਸ ਉਦਘਾਟਨੀ ਸਮਾਰੋਹ ਵਿੱਚ ਸਹੀਦ ਊਧਮ ਸਿੰਘ ਵੈਲਫੇਅਰ ਟਰੱਸਟ ਅਤੇ ਸਹੀਦ ਊਧਮ ਸਿੰਘ ਸੈਂਟਰ ਬਰਮਿੰਘਮ (ਯੂ. ਕੇ.) ਸੰਸਥਾਵਾਂ ਵੱਲੋਂ ਕੁਲਬੀਰ ਸਿੰਘ ਸੰਘੇੜਾ, ਸੁਰਿੰਦਰ ਕੌਰ ਸੰਘੇੜਾ, ਅਮਨ ਸੰਘੇੜਾ, ਅਵਤਾਰ ਤਾਰੀ ਅਟਵਾਲ, ਸੀਰਾ ਜੌਹਲ, ਭਗਵੰਤ ਸਮਰਾਲਾ, ਕੁਲਵੰਤ ਸਿੰਘ ਕਮਲ ਮਾਓ ਸਾਹਿਬ, ਰਤਨ ਪਾਲ ਮਹਿਮੀ ਸੁੱਜੋਂ ਨੇ ਸ਼ਿਰਕਤ ਕੀਤੀ।

ਇਹਨਾਂ ਤੋਂ ਇਲਾਵਾ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਕਮੇਟੀ ਮੈਂਬਰ ਰਣਜੀਤ ਸਿੰਘ ਔਲਖ, ਸੁਰਿੰਦਰ ਕੁਮਾਰੀ ਕੋਛੜ, ਡਾ. ਪਰਮਿੰਦਰ , ਵਿਜੈ ਬੰਬੇਲੀ, ਪ੍ਰੋ. ਗੋਪਾਲ ਬੁੱਟਰ, ਪ੍ਰੋ. ਵਰਿਆਮ ਸਿੰਘ ਸੰਧੂ, ਗੁਰਮੀਤ, ਡਾ. ਸੈਲੇਸ ਵੀ ਸ਼ਾਮਲ ਹੋਏ।

ਦੂਜਾ ਖੂਨਦਾਨ ਕੈਂਪ ਲਗਾਇਆ

ਭਲਾਣ (ਹਰਭਜਨ ਢਿੱਲੋਂ) ਸ਼ਹੀਦ ਭਗਤ ਸਿੰਘ , ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਦੁੱਧ ਉਤਪਾਦਕ ਸਹਿਕਾਰੀ ਸਭਾ ਭੰਗਲਾ ਵਲੋਂ ਜ਼ਿਲ੍ਹਾ ਯੂਥ ਤਾਲਮੇਲ ਕਮੇਟੀ ਰੂਪਨਗਰ ਦੇ ਸਹਿਯੋਗ ਨਾਲ ਦੂਜਾ ਖੂਨਦਾਨ ਕੈਂਪ ਲਗਵਾਇਆ ਗਿਆ, ਜਿਸ ਵਿੱਚ ਜਸਵਿੰਦਰ ਸਿੰਘ ਛਿੰਦਾ ਦੀ ਅਗਵਾਈ ਵਿੱਚ ਇਲਾਕੇ ਦੇ 63 ਨੌਜਵਾਨਾਂ ਨੇ ਖੂਨਦਾਨ ਕੀਤਾ ਅਤੇ ਇਹਨਾਂ ਨੌਜਵਾਨਾਂ ਨੂੰ ਸਮਾਜ ਸੇਵੀ ਨੰਗਲ ਕਾਊਂਸਲ ਦੇ ਸਾਬਕਾ ਪ੍ਰਧਾਨ ਟਿੱਕਾ ਯਸਵੀਰ ਚੰਦ ਜੀ ਭਲਾਣ ਨੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ। ਇਸ ਸਮੇਂ ਵੇਰਕਾ ਮਿਲਕ ਪਲਾਂਟ ਤੋਂ ਸਤਵਿੰਦਰ ਸਿੰਘ ਭੰਗਲ ਏਰੀਆ ਇਨਚਾਰਜ , ਗੌਰਵ ਐਰੀ , ਗਗਨਦੀਪ , ਦੌਲਤ ਸਿੰਘ , ਸ਼ੰਮੀ ਸਹੋਤਾ ,ਬਿੰਦਾ ਢਿੱਲੋਂ ,ਲਵਲੀ ,ਹਰਸ਼ ਸਹੋਤਾ ,ਅਮਨ ਸਹੋਤਾ ,ਦੀਪੂ ਪੰਡਤ ,ਗੋਰਾ ,ਜੱਸੀ ਸਹੋਤਾ , ਅਮਨ ਭੰਗਲ ,ਅਮਨ ,ਜਸ਼ਨ ਭੱਲੜੀ ,ਜਸ਼ਨ ,ਦੀਲੂ ਆਦਿ ਨੌਜਵਾਨ ਹਾਜਰ ਸਨ ।

ਬੀ ਐੱਡ ਅਧਿਆਪਕ ਫ਼ਰੰਟ ਨੇ ਭੇਜਿਆ ਡੀ ਪੀ ਆਈ ਨੂੰ ਮੰਗ ਪੱਤਰ

ਆਦਮਪੁਰ (ਪਰਮਜੀਤ ਸਿੰਘ) — ਬੀ.ਐੱਡ.ਅਧਿਆਪਕ ਫ਼ਰੰਟ ਜ਼ਿਲ੍ਹਾ ਜਲੰਧਰ ਦਾ ਇੱਕ ਵਫ਼ਦ ਜ਼ਿਲ੍ਹਾ ਪ੍ਰਧਾਨ ਰਵਿੰਦਰ ਸਿੰਘ ਦੀ ਅਗਵਾਈ ਵਿੱਚ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ) ਸ਼੍ਰੀਮਤੀ ਹਰਜਿੰਦਰ ਕੌਰ ਨੂੰ ਮਿਲਿਆ ਤੇ ਪ੍ਰਾਇਮਰੀ ਅਧਿਆਪਕਾਂ ਦੀਆਂ ਫਰਵਰੀ ਮਹੀਨੇ ਦੀਆਂ ਰੁਕੀਆਂ ਹੋਈਆਂ ਤਨਖਾਹਾਂ ਸੰਬੰਧੀ ਡੀ.ਪੀ.ਆਈ. ਦੇ ਨਾਂਅ ਮੰਗ ਪੱਤਰ ਸੌਂਪਿਆ। ਮੈਡਮ ਹਰਜਿੰਦਰ ਕੌਰ ਨੇ ਬਜਟ ਸ਼ਾਖਾ ਨਾਲ ਫ਼ੋਨ 'ਤੇ ਗੱਲ ਕੀਤੀ ਤੇ ਦੱਸਿਆ ਕਿ ਪ੍ਰਾਇਮਰੀ ਦਾ ਬਜਟ ਤਕਨੀਕੀ ਸਮੱਸਿਆ ਕਰਕੇ ਲੇਟ ਹੋ ਗਿਆ ਹੈ ਜਲਦੀ ਹੀ ਇਹ ਸਮੱਸਿਆ ਦਾ ਹੱਲ ਕਰ ਦਿੱਤਾ ਜਾਵੇਗਾ। ਇਸ ਮੌਕੇ ਬਲਾਕ ਪ੍ਰਧਾਨ ਕਸ਼ਮੀਰੀ ਲਾਲ, ਭੂਸ਼ਣ ਕੁਮਾਰ, ਸਰਵਣ ਸਿੰਘ, ਰਵੀ ਕੁਮਾਰ, ਮੁਨੀਸ਼ ਕੁਮਾਰ,ਯਸ਼ਪਾਲ ਮੋਮੀ, ਰਾਕੇਸ਼ ਕੁਮਾਰ ਆਦਿ ਆਗੂ ਹਾਜਰ ਸਨ।

ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ ਨੇ ਮਨਾਇਆ ਵਿਸ਼ਵ ਜਲ ਦਿਵਸ

ਜਲੰਧਰ (ਇਕਬਾਲ ਸਿੰਘ ਉੱਭੀ) - ਸੇਂਟ ਸੋਲਜਰ ਡਿਵਾਇਨ ਪਬਲਿਕ ਸਕੂਲ, ਬੈਕਸਾਈਡ ਐਨ.ਆਈ.ਟੀ ਨੇ ਪ੍ਰਿੰਸੀਪਲ ਰੀਨਾ ਅਗਨੀਹੋਤਰੀ ਦੀ ਅਗਵਾਈ ਹੇਠ ਵਿਸ਼ਵ ਜਲ ਦਿਵਸ ਮਨਾਇਆ। ਇਸ ਗਤੀਵਿਧੀ ਦਾ ਮੁੱਖ ਉਦੇਸ਼ ਜਿੰਨਾ ਹੋ ਸਕੇ ਪਾਣੀ ਨੂੰ ਬਚਾਉਣਾ ਸੀ ਅਤੇ ਇਸ ਵਿੱਚ ਸਹਾਇਕ ਨੀਤੀਆਂ ਅਤੇ ਪਹਿਲਕਦਮੀਆਂ ਸ਼ਾਮਲ ਹਨ ਜੋ ਪਾਣੀ ਦੀ ਸੰਭਾਲ ਨੂੰ ਉਤਸ਼ਾਹਿਤ ਕਰਦੀਆਂ ਹਨ, ਪਾਣੀ ਬਚਾਉਣ ਵਾਲੀਆਂ ਤਕਨੀਕਾਂ ਵਿੱਚ ਨਿਵੇਸ਼ ਕਰਦੀਆਂ ਹਨ ਅਤੇ ਸਾਡੇ ਪਾਣੀ ਦੇ ਸਰੋਤਾਂ ਨੂੰ ਪ੍ਰਦੂਸ਼ਣ ਅਤੇ ਜ਼ਿਆਦਾ ਨਿਕਾਸੀ ਤੋਂ ਬਚਾਉਂਦੀਆਂ ਹਨ। ਹਰ ਬੂੰਦ ਦੀ ਗਿਣਤੀ ਹੁੰਦੀ ਹੈ, ਅਤੇ ਸਾਡੇ ਵਿੱਚੋਂ ਹਰ ਇੱਕ ਵਿੱਚ ਇੱਕ ਫਰਕ ਲਿਆਉਣ ਦੀ ਸ਼ਕਤੀ ਹੈ। ਅੱਜ ਪਾਣੀ ਦੀ ਸੰਭਾਲ ਕਰਕੇ, ਅਸੀਂ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਸਥਾਈ ਭਵਿੱਖ ਨੂੰ ਯਕੀਨੀ ਬਣਾ ਰਹੇ ਹਾਂ। ਇਸ ਗਤੀਵਿਧੀ 'ਤੇ ਗਰੁੱਪ ਦੇ ਚੇਅਰਮੈਨ ਅਨਿਲ ਚੋਪੜਾ ਅਤੇ ਵਾਈਸ ਚੇਅਰਪਰਸਨ ਸੰਗੀਤਾ ਚੋਪੜਾ ਨੇ ਵਿਦਿਆਰਥੀਆਂ ਨੂੰ ਇਸ ਕੀਮਤੀ ਸਰੋਤ ਲਈ ਜ਼ਿੰਮੇਵਾਰ ਬਣਨ ਅਤੇ ਸਾਡੀ ਧਰਤੀ ਦੇ ਪਾਣੀ ਦੀ ਸਪਲਾਈ ਨੂੰ ਸੁਰੱਖਿਅਤ ਕਰਨ ਲਈ ਮਿਲ ਕੇ ਕੰਮ ਕਰਨ ਲਈ ਪ੍ਰੇਰਿਤ ਕੀਤਾ।

ਸ਼ਹੀਦੀ ਦਿਹਾੜਾ ਜਮਹੂਰੀਅਤ ਬਚਾਓ ਦੇ ਤੌਰ 'ਤੇ ਮਨਾਇਆ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)—ਸੰਯੁਕਤ ਕਿਸਾਨ ਮੋਰਚਾ ਭਾਰਤ ਦੇ ਸੱਦੇ ਉੱਤੇ ਹੁਸ਼ਿਆਰਪੁਰ ਵਿੱਚ ਸ਼ਹੀਦ ਭਗਤ ਸਿੰਘ ਚੌਂਕ, ਮਾਹਿਲਪੁਰ ਰੋਡ 'ਤੇ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਨ ਨੂੰ ਜਮਹੂਰੀਅਤ ਬਚਾਓ ਦਿਵਸ ਦੇ ਤੌਰ 'ਤੇ ਮਨਾਇਆ ਗਿਆ । ਇਸ ਇਕੱਠ ਨੂੰ ਹਰਬੰਸ ਸਿੰਘ ਸੰਘਾ ਮੈਂਬਰ ਸੰਯੁਕਤ ਕਿਸਾਨ ਮੋਰਚਾ ਪੰਜਾਬ ਅਤੇ ਕਾਮਰੇਡ ਗੁਰਬਖਸ਼ ਸਿੰਘ ਨੇ ਸੰਬੋਧਨ ਕੀਤਾ । ਬੁਲਾਰਿਆ ਨੇ ਮੋਦੀ ਸਰਕਾਰ ਦੀਆਂ ਫਾਸ਼ੀ ਨੀਤੀਆਂ ਬਾਰੇ ਵਿਸਥਾਰ ਨਾਲ ਦੱਸਿਆ । ਉਹਨਾਂ ਕਿਹਾ ਕਿ ਆਉਣ ਵਾਲੀਆਂ ਚੋਣਾਂ ਵਿੱਚ ਭਾਜਪਾ ਪਾਰਟੀ ਨੂੰ ਸਬਕ ਸਿਖਾਇਆ ਜਾਵੇ। ਅੰਤ ਵਿੱਚ ਹਰਬੰਸ ਸਿੰਘ ਸੰਘਾ ਸਾਰੇ ਕਿਸਾਨਾਂ ਦਾ ਧੰਨਵਾਦ ਕੀਤਾ।

ਮੰਡ ਖੇਤਰ 'ਚ ਵੱਡੇ ਪੱਧਰ 'ਤੇ ਤਲਾਸ਼ੀ ਮੁਹਿੰਮ

ਹੁਸ਼ਿਆਰਪੁਰ (ਬਲਬੀਰ ਸਿੰਘ ਸੈਣੀ)-ਆਗਾਮੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਨਾਜਾਇਜ਼ ਸ਼ਰਾਬ ਦੇ ਮਾੜੇ ਪ੍ਰਭਾਵਾਂ ਨੂੰ ਰੋਕਣ ਲਈ ਆਬਕਾਰੀ ਵਿਭਾਗ ਵੱਲੋਂ ਸਵੇਰੇ 7:00 ਵਜੇ ਦਸੂਹਾ ਸਬ-ਡਵੀਜ਼ਨ ਦੇ ਪਿੰਡ ਭੀਖੋਵਾਲ, ਬੁੱਢੋਬਰਕਤ ਅਤੇ ਟੇਰਕਿਆਣਾ ਦੇ ਮੰਡ ਖੇਤਰਾਂ ਵਿੱਚ ਵੱਡੇ ਪੱਧਰ 'ਤੇ ਤਲਾਸ਼ੀ ਮੁਹਿੰਮ ਚਲਾਈ ਗਈ। ਆਬਕਾਰੀ ਅਫਸਰ ਹੁਸ਼ਿਆਰਪੁਰ 1 ਅਤੇ ਹੁਸ਼ਿਆਰਪੁਰ 2 ਨਵਜੋਤ ਭਾਰਤੀ ਅਤੇ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਚਲਾਈ ਗਈ ਇਸ ਮੁਹਿੰਮ ਦਾ ਸੰਚਾਲਨ ਈ.ਟੀ.ਆਈ ਦਸੂਹਾ, ਮੁਕੇਰੀਆਂ ਅਤੇ ਹਰਿਆਣਾ ਲਵਪ੍ਰੀਤ ਸਿੰਘ, ਕੁਲਵੰਤ ਸਿੰਘ ਅਤੇ ਅਨਿਲ ਕੁਮਾਰ ਨੇ ਐਕਸਾਈਜ਼ ਪੁਲਸ ਹੁਸ਼ਿਆਰਪੁਰ ਰੇਂਜ ਨਾਲ ਮਿਲ ਕੇ ਕੀਤਾ। 6 ਘੰਟੇ ਚੱਲੇ ਤੱਕ ਪਿੰਡ ਭੀਖੋਵਾਲ, ਬੁੱਢੋਬਰਕਤ ਅਤੇ ਟੇਰਕੀਆਣਾ ਦੇ ਬਿਆਸ ਦਰਿਆ ਨਾਲ-ਨਾਲ ਮੰਡ ਖੇਤਰਾਂ ਦੇ ਪੂਰੇ ਹ

25-MAR-PAGE-10.qxd-10 malwa.qxd 3/24/2024 10:06 PM Page 1

ਜ਼ਹਿਰੀਲੀ ਸ਼ਰਾਬ ਨਾਲ ਹੋਈਆਂ ਮੌਤਾਂ ਦੀ ਉੱਚ ਪੱਧਰੀ ਜਾਂਚ ਹੋਵੇ : ਤਰਕਸ਼ੀਲ ਆਗੂ

ਸੰਗਰੂਰ (ਪ੍ਰਵੀਨ ਸਿੰਘ)-ਲੋਕਾਂ ਦਾ ਸੋਚਣ ਢੰਗ ਵਿਗਿਆਨਕ ਬਣਾਉਣ ਲਈ ਯਤਨਸ਼ੀਲ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੀ ਮੀਟਿੰਗ ਜ਼ੋਨ ਮੁਖੀ ਮਾਸਟਰ ਪਰਮਵੇਦ ਤੇ ਇਕਾਈ ਮੁਖੀ ਸੁਰਿੰਦਰ ਪਾਲ ਉੱਪਲੀ ਦੀ ਅਗਵਾਈ ਵਿੱਚ ਸੰਗਰੂਰ ਵਿਖੇ ਹੋਈ। ਮੀਟਿੰਗ ਦੀ ਕਾਰਵਾਈ ਪ੍ਰੈੱਸ ਨਾਲ ਸਾਂਝੀ ਕਰਦਿਆਂ ਤਰਕਸ਼ੀਲ ਆਗੂ ਕ੍ਰਿਸ਼ਨ ਸਿੰਘ, ਸੀਤਾ ਰਾਮ ਬਾਲਦ ਕਲਾਂ ਤੇ ਗੁਰਦੀਪ ਸਿੰਘ ਲਹਿਰਾ ਨੇ ਦੱਸਿਆ ਕਿ ਮੀਟਿੰਗ ਵਿੱਚ ਸਭ ਤੋਂ ਪਹਿਲਾਂ ਜ਼ਿਲ੍ਹਾ ਸੰਗਰੂਰ ਦੇ ਵੱਖ ਵੱਖ ਪਿੰਡਾਂ ਵਿੱਚ ਜ਼ਹਿਰੀਲੀ ਸ਼ਰਾਬ ਪੀਣ ਨਾਲ ਹੋਈਆਂ ਮੌਤਾਂ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ ਗਿਆ ਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਮੌਤਾਂ ਦੇ ਕਾਰਨਾਂ ਦੀ ਉੱਚ ਪੱਧਰੀ ਜਾਂਚ ਕਰਵਾਈ ਜਾਵੇ ਤੇ ਜ਼ਿੰਮੇਵਾਰ ਵਿਅਕਤੀਆਂ/ਅਧਿਕਾਰੀਆਂ 'ਤੇ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ। ਮੀਟਿੰਗ ਵਿੱਚ ਸ਼ਹੀਦੀ ਦਿਹਾੜੇ 'ਤੇ ਜਮਹੂਰੀ ਅਧਿਕਾਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਸਵਰਨਜੀਤ ਸਿੰਘ ਨੇ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ 'ਤੇ ਚਾਨਣਾ ਪਾਇਆ। ਇਕਾਈ ਵੱਲੋਂ 31 ਮਾਰਚ ਨੂੰ ਕਰਵਾਏ ਜਾ ਰਹੇ ਮਾਨਸਿਕ ਰੋਗਾਂ ਦੇ ਸੈਮੀਨਾਰ ਸੰਬੰਧੀ ਜ਼ਿੰਮੇਵਾਰੀਆਂ ਲਾਈਆਂ ਗਈਆਂ। ਮਾਸਟਰ ਪਰਮਵੇਦ ਨੇ ਸੂਬਾ ਵਰਕਿੰਗ ਕਮੇਟੀ ਦੀ ਮੀਟਿੰਗ ਦੀ ਰਿਪੋਰਟਿੰਗ ਕਰਦਿਆਂ ਦੋ ਦਿਨਾ ਸੂਬਾ ਸਾਲਾਨਾ ਇਕੱਤਰਤਾ ਬਾਰੇ ਜਾਣਕਾਰੀ ਦਿੱਤੀ। ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਲੈਕਚਰਾਰ ਕ੍ਰਿਸ਼ਨ ਸਿੰਘ, ਪਰਮਿੰਦਰ ਸਿੰਘ ਮਹਿਲਾਂ, ਮਾਸਟਰ ਗੁਰਜੰਟ ਸਿੰਘ, ਸੁਖਦੇਵ ਸਿੰਘ ਕਿਸ਼ਨਗੜ੍ਹ, ਪ੍ਰਲਾਦ ਸਿੰਘ, ਗੁਰਦੀਪ ਸਿੰਘ, ਸੁਖਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਅਮਰ ਨਾਥ, ਸੁਨੀਤਾ ਰਾਣੀ, ਵਨੀਤਾ ਰਾਣੀ, ਪਰਮਿੰਦਰ ਕੌਰ, ਦੇਵਿੰਦਰ ਕੌਰ ਨੇ ਸ਼ਮੂਲੀਅਤ ਕੀਤੀ।

ਲਵਿੰਗ ਲਿਟਲ ਪਲੇਵੇ ਸਕੂਲ 'ਚ ਹੋਲੀ ਦਾ ਤਿਉਹਾਰ ਮਨਾਇਆ

ਮਲੋਟ (ਗੁਰਮੀਤ ਸਿੰਘ ਮੱਕੜ)

ਸਥਾਨਕ ਲਵਿੰਗ ਲਿਟਲ ਪਲੇਵੇ ਐਂਡ ਪ੍ਰੈਪਰੇਟਰੀ ਸਕੂਲ ਵਿਖੇ ਨੰਨ੍ਹੇ ਮੁੰਨੇ ਬੱਚਿਆਂ ਨੇ ਪ੍ਰਿੰਸਪੀਲ ਮੀਨਾ ਅਰੋੜਾ ਦੀ ਅਗਵਾਈ ਹੇਠ ਆਪਣੇ ਅਧਿਆਪਕਾਂ ਨਾਲ ਮਿਲ ਕੇ ਹੋਲੀ ਦਾ ਤਿਉਹਾਰ ਜੋਸ਼ੋ ਖਰੋਸ਼ ਨਾਲ ਮਨਾਇਆ। ਇਸ ਮੌਕੇ ਜਿੱਥੇ ਅਧਿਆਪਕਾਂ ਤੇ ਬੱਚਿਆਂ ਨੇ ਇੱਕ ਦੂਜੇ ਦੇ ਰੰਗ ਬਿਰੰਗੇ ਰੰਗ ਲਗਾ ਕੇ ਜੰਮ ਕੇ ਹੋਲੀ ਖੇਡੀ, ਉੱਥੇ ਹੀ ਬੱਚਿਆਂ ਨੇ ਹੋਲੀ ਨਾਲ ਸਬੰਧਤ, ਜਿਸ ਵਿੱਚ 'ਅੱਜ ਹੋਲੀ ਹੈ,' 'ਹੋਲੀ ਆਈ ਰੇ' ਆਦਿ ਗਾਉਂਦੇ ਹੋਏ ਖੂਬ ਮਸਤੀ ਕੀਤੀ। ਇਸ ਮੌਕੇ ਬੱਚਿਆਂ ਦੇ ਚਾਰਟ ਮੇਕਿੰਗ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਬੱਚਿਆਂ ਨੇ ਉਤਸ਼ਾਹ ਨਾਲ ਭਾਗ ਲਿਆ। ਇਸ ਮੌਕੇ ਪ੍ਰਿੰਸੀਪਲ ਮੀਨਾ ਅਰੋੜਾ ਨੇ ਹੋਲੀ ਦੇ ਤਿਉਹਾਰ ਸਬੰਧੀ ਜਾਣਕਾਰੀ ਦਿੰਦੇ ਦੱਸਿਆ ਕਿ ਜਿਸ ਤਰ੍ਹਾਂ ਬਾਕੀ ਤਿਉਹਾਰ ਬੱਚੇ ਚਾਅ ਤੇ ਉਤਸ਼ਾਹ ਨਾਲ ਮਨਾਉਂਦੇ ਹਨ, ਉਨ੍ਹਾਂ ਤਿਉਹਾਰਾਂ ਵਿੱਚੋਂ ਹੋਲੀ ਵੀ ਬੱਚਿਆਂ ਦਾ ਪਸੰਦੀਦਾ ਤਿਉਹਾਰ ਹੈ, ਜਿਸ ਦਾ ਨਾਮ ਸੁਣਦਿਆਂ ਹੀ ਉਨ੍ਹਾਂ ਦਾ ਮਨ ਖੁਸ਼ੀਆਂ ਤੇ ਚਾਵਾਂ ਨਾਲ ਭਰ ਜਾਂਦਾ ਹੈ। ਉਨ੍ਹਾ ਦੱਸਿਆ ਕਿ ਹੋਲੀ ਰੰਗਾਂ ਦਾ ਇੱਕ ਅਜਿਹਾ ਤਿਉਹਾਰ ਹੈ, ਜਿਸ ਦਿਨ ਹਰ ਵਿਅਕਤੀ ਆਪਣੇ ਦੁੱਖ, ਦਰਦ, ਗਿਲੇ ਸ਼ਿਕਵੇ ਭੁੱਲ ਕੇ ਇੱਕ ਦੂਜੇ ਨੂੰ ਪਿਆਰ ਨਾਲ ਰੰਗ ਲਗਾ ਕੇ ਖੁਸ਼ੀ ਮਨਾਉਂਦਾ ਹੈ। ਇਸ ਮੌਕੇ ਮੈਡਮ ਅਨੂੰ, ਨਿਸ਼ਾ, ਪਿੰਕੀ ਆਦਿ ਨੇ ਵੀ ਬੱਚਿਆਂ ਨਾਲ ਮਿਲ ਕੇ ਹੋਲੀ ਦੇ ਤਿਉਹਾਰ ਨੂੰ ਆਨੰਦਮਈ ਢੰਗ ਨਾਲ ਮਨਾਇਆ।

ਦੋ ਅਣਪਛਾਤੇ ਵਿਅਕਤੀ ਬਰੀਜਾ ਕਾਰ ਖੋਹ ਕੇ ਫਰਾਰ, ਪੁਲਸ ਜਾਂਚ 'ਚ ਜੁਟੀ

ਦੋਦਾ (ਵਕੀਲ ਬਰਾੜ)-ਬੀਤੀ ਦੇਰ ਸ਼ਾਮ ਗਿੱਦੜਬਾਹਾ ਵਿਖੇ ਮਲੋਟ-ਬਠਿੰਡਾ ਹਾਈਵੇ ਕਿਨਾਰੇ ਖੜੇ ਵਿਅਕਤੀ ਕੋਲੋਂ ਦੋ ਅਣਪਛਾਤੇ ਵਿਅਕਤੀ ਬਰੀਜਾ ਕਾਰ ਖੋਹ ਕੇ ਫਰਾਰ ਹੋ ਗਏ। ਪੀੜਤ ਵਿਅਕਤੀ ਗੁਰਪ੍ਰੀਤ ਸਿੰਘ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਹਨ ਕਿ ਉਹ ਮਾਲਵਾ ਸਕੂਲ ਸੜਕ ਕਿਨਾਰੇ ਖੜਾ ਸੀ ਤੇ ਦੋ ਵਿਅਕਤੀ ਮੇਰੇ ਪਿੱਛੇ ਵਾਲੇ ਪਾਸਿਓਂ ਆਏ, ਜਿਨ੍ਹਾਂ ਦੇ ਮੂੰਹ ਕੱਪੜੇ ਨਾਲ ਢਕੇ ਹੋਏ ਸਨ, ਨੇ ਮੈਨੂੰ ਕਾਰ ਵਿੱਚੋਂ ਬਹਾਰ ਕੱਢ ਕੇ ਧੱਕਾ ਮਾਰਿਆ ਤੇ ਮੇਰੇ ਕੋਲੋਂ ਬਰੀਜਾ ਕਾਰ ਪੀ ਬੀ 03 ਏ ਐੱਸ 7374 ਖੋਹ ਕੇ ਫਰਾਰ ਹੋ ਗਏ। ਦੂਜੇ ਪਾਸੇ ਐੱਸ ਐੱਚ ਓ ਪਰਮਜੀਤ ਸਿੰਘ ਨੇ ਦੱਸਿਆ ਕਿ ਸ਼ਕਾਇਤ ਮਿਲਣਸਾਰ ਪੁਲਸ ਵੱਲੋਂ ਘਟਨਾ ਸਥਾਨ 'ਤੇ ਪੁੱਜ ਕੇ ਜਾਂਚ ਸ਼ੁਰੂ ਕਰ ਆਸ-ਪਾਸ ਲੱਗੇ ਕੈਮਰਿਆਂ ਰਾਹੀਂ ਪਤਾ ਲਗਾਇਆ ਜਾ ਰਿਹਾ ਹੈ। ਜਲਦੀ ਹੀ ਮਾਮਲੇ ਦੀ ਤਹਿ ਤੱਕ ਪਹੁੰਚ ਜਾਵਾਂਗੇ।

ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦਾ ਸ਼ਰਧਾਂਜਲੀ ਸਮਾਗਮ

ਭੀਖੀ (ਧਰਮਵੀਰ ਸ਼ਰਮਾ)-ਪੈਰਾਮਾਊਂਟ ਪਬਲਿਕ ਸਕੂਲ ਚੀਮਾ ਵਿਖੇ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਉਨ੍ਹਾਂ ਦੇ ਸ਼ਹੀਦੀ ਦਿਹਾੜੇ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਸੀਨੀਅਰ ਵਿਦਿਆਰਥੀਆਂ ਵੱਲੋਂ ਸ਼ਹੀਦ ਭਗਤ ਸਿੰਘ ਦੇ ਜੀਵਨ ਸਬੰਧੀ ਭਾਸ਼ਣ, ਗੀਤ, ਕਵਿਤਾਵਾਂ ਆਦਿ ਸੁਣਾਏ ਗਏ। ਇਸ ਦੌਰਾਨ ਸਕੂਲ ਦੇ ਐੱਮ. ਡੀ. ਜਸਵੀਰ ਸਿੰਘ ਚੀਮਾ ਨੇ ਸ਼ਹੀਦ ਭਗਤ ਸਿੰਘ ਦੀ ਜ਼ਿੰਦਗੀ 'ਤੇ ਚਾਨਣਾ ਪਾਇਆ। ਉਨ੍ਹਾ ਬੱਚਿਆਂ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਅਸੀਂ ਅਜ਼ਾਦੀ ਦੇ ਪਰਵਾਨਿਆਂ ਦੀਆਂ ਕੁਰਬਾਨੀਆਂ ਸਦਕਾ ਹੀ ਅੱਜ ਅਜ਼ਾਦੀ ਦਾ ਆਨੰਦ ਮਾਣ ਰਹੇ ਹਾਂ, ਉਨ੍ਹਾਂ ਨੇ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਆਪਣੀ ਜ਼ਿੰਦ-ਜਾਨ ਦੇਸ਼ ਦੇ ਨਾਂ ਲਗਾ ਦਿੱਤੀ, ਸਾਨੂੰ ਵੀ ਨਿੱਜੀਵਾਦ ਨੂੰ ਛੱਡ ਕੇ ਸਾਡੇ ਦੇਸ਼ ਦੀ ਸੇਵਾ ਲਈ ਹਮੇਸ਼ਾ ਤਿਆਰ ਰਹਿਣਾ ਚਾਹੀਦਾ ਹੈ। ਸਾਨੂੰ ਸਾਡੇ ਸ਼ਹੀਦਾਂ ਨੇ ਆਪਣੇ ਉੱਪਰ ਤਸੀਹੇ ਝੱਲ ਕੇ ਅਜ਼ਾਦੀ ਲੈ ਕੇ ਦਿੱਤੀ ਹੈ ਤੇ ਇਸ ਅਜ਼ਾਦੀ ਨੂੰ ਕਾਇਮ ਰੱਖਣਾ ਹੀ ਸਾਡੀ ਉਨ੍ਹਾਂ ਸੱਚੀ ਸ਼ਰਧਾਂਜਲੀ ਹੋਵੇਗੀ। ਇਸ ਮੌਕੇ ਮੈਡਮ ਕਿਰਨਪਾਲ ਕੌਰ, ਪ੍ਰਿੰਸੀਪਲ ਸੰਜੇ ਕੁਮਾਰ ਤੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

ਸ਼ਹੀਦੀ ਦਿਵਸ ਮਨਾਉਣ ਨਾਲ ਦੇਸ਼ ਪ੍ਰੇਮ ਵਧਦਾ : ਵਿਸ਼ਾਲ ਕੌਸ਼ਲ

ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)-ਸ਼੍ਰੀ ਗਣਪਤੀ ਸੋਸ਼ਲ ਵੈੱਲਫੇਅਰ ਸੁਸਾਇਟੀ ਸੁਨਾਮ ਵੱਲੋਂ ਜੇ ਕੇ ਮਾਰਕੀਟ ਸੁਨਾਮ ਵਿਖੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦਾ 93ਵਾਂ ਸ਼ਹੀਦੀ ਦਿਵਸ ਪ੍ਰਧਾਨ ਵਿਸ਼ਾਲ ਕੌਸ਼ਲ ਦੀ ਅਗਵਾਈ ਹੇਠ ਮਨਾਇਆ ਗਿਆ। ਇਸ ਮੌਕੇ ਉਨ੍ਹਾਂ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੇ ਭਾਰਤ ਮਾਂ ਦੇ ਲਾਲਾਂ ਨੇ ਦੇਸ਼ ਨਾਲ ਵਫਾਦਾਰੀ ਦੀ ਮਿਸਾਲ ਬਣ ਕੇ ਖੂਨ ਨਾ ਡੋਲ੍ਹਿਆ ਹੁੰਦਾ, ਤਾਂ ਅੱਜ ਵੀ ਅਸੀਂ ਅੰਗਰੇਜ਼ਾਂ ਦੇ ਗੁਲਾਮ ਹੋਣਾ ਸੀ, ਅੱਜ ਵੀ ਕੋਹਲੂ ਤੇ ਬਲਦ, ਖੂਹ ਦੀਆਂ ਟਿੰਡਾਂ, ਤੇ ਅੰਗਰੇਜ਼ੀ ਪਟਿਆਂ ਦੀ ਮਾਰ ਹੋਣੀ ਸੀ, ਸਿਜਦਾ ਕਰਦੇ ਹਾਂ ਕੌਮਾਂ ਦੇ ਸ਼ਹੀਦਾਂ ਦਾ, ਜਿਨ੍ਹਾਂ ਨੇ ਸਾਨੂੰ ਅਜ਼ਾਦ ਕਰਵਾ ਕੇ ਜਾਤੀਵਾਦ ਤੋਂ ਉੱਪਰ ਉੱਠ ਕੇ ਆਪਸੀ ਭਾਈਚਾਰਕ ਸਾਂਝ, ਪਿਆਰ, ਮੁਹੱਬਤਾਂ ਨਾਲ ਰਿਸ਼ਤਿਆਂ ਵਾਲਾ ਦੇਸ਼ ਦਿੱਤਾ। ਇਸੇ ਬਦੌਲਤ ਅੱਜ ਸਾਡੇ ਬੱਚੇ ਉੱਚ ਸਿੱਖਿਆ ਪ੍ਰਾਪਤ ਕਰਕੇ ਹਰ ਖੇਤਰ ਵਿੱਚ ਨਾਮ ਕਮਾ ਰਹੇ ਹਨ, ਸ਼ਹੀਦ ਸਾਡਾ ਸਰਮਾਇਆ ਹਨ ਤੇ ਇਨ੍ਹਾਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਇਸ ਮੌਕੇ ਰਾਜੇਸ਼ ਖੀਪਲਾ, ਡਾ. ਪ੍ਰਿੰਸ ਭਰਤ, ਸੀਨੀਅਰ ਆਪ ਆਗੂ ਭਾਨੂੰ ਪ੍ਰਤਾਪ, ਰਾਕੇਸ਼ ਕੁਮਾਰ, ਡਾ. ਵਿਕਾਸ ਭਰਤ, ਜਸਵੀਰ ਸਿੰਘ, ਅਮਿਤ ਫੁੱਲ, ਕ੍ਰਿਸ਼ਨ ਅਰੋੜਾ, ਮੁਕੇਸ਼ ਕੁਮਾਰ, ਲਖਵਿੰਦਰ ਸਿੰਘ, ਜੈਮਨ ਪ੍ਰਭੂ, ਗਗਨਦੀਪ ਸਿੰਘ, ਬਿੱਲਾ ਮਾਸਟਰ ਆਦਿ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

ਢਿੱਲੋਂ ਮੈਮੋਰੀਅਲ ਵੈੱਲਫੇਅਰ ਸੁਸਾਇਟੀ ਵੱਲੋਂ ਖੂਨਦਾਨ ਕੈਂਪ

■ ਵਿਧਾਇਕ ਸੇਖੋਂ ਨੇ ਖੂਨ ਦਾਨ ਕਰਕੇ ਹੋਰਾਂ ਨੂੰ ਕੀਤਾ ਪ੍ਰੇਰਿਤ

ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)

ਸ੍ਰ. ਜਸਵਿੰਦਰ ਸਿੰਘ ਢਿੱਲੋਂ ਮੈਮੋਰੀਅਲ ਵੈੱਲਫੇਅਰ ਸੁਸਾਇਟੀ ਫਰੀਦਕੋਟ ਵੱਲੋਂ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਸ਼ਹਾਦਤ ਨੂੰ ਸਮਰਪਤ ਖੂਨਦਾਨ ਕੈਂਪ ਸਥਾਨਕ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਵਿਖੇ ਲਗਾਇਆ ਗਿਆ, ਜਿਸ ਵਿੱਚ ਵਿਧਾਇਕ ਸ੍ਰ. ਗੁਰਦਿੱਤ ਸਿੰਘ ਸੇਖੋਂ ਨੇ ਖੁਦ ਵੀ ਖੂਨ ਦਾਨ ਕੀਤਾ ਤੇ ਹੋਰਾਂ ਨੂੰ ਵੀ ਅਜਿਹਾ ਕਰਨ ਲਈ ਪ੍ਰੇਰਿਤ ਕੀਤਾ।

ਉਨ੍ਹਾ ਕਿਹਾ ਕਿ ਖੂਨਦਾਨ ਮਹਾਦਾਨ ਹੈ। ਉਨ੍ਹਾ ਕਿਹਾ ਕਿ ਖੂਨ ਦੀ ਇੱਕ-ਇੱਕ ਬੂੰਦ ਕੀਮਤੀ ਹੈ, ਜੋ ਕਿਸੇ ਵੀ ਮਰਦੇ ਹੋਏ ਵਿਅਕਤੀ ਨੂੰ ਜੀਵਨ ਦਾਨ ਦੇ ਸਕਦੀ ਹੈ। ਉਨ੍ਹਾ ਕਿਹਾ ਕਿ ਸਾਡਾ ਜੀਵਨ ਮਾਨਵਤਾ ਦੀ ਸੇਵਾ ਨੂੰ ਸਮਰਪਤ ਹੋਣਾ ਚਾਹੀਦਾ ਹੈ ਤੇ ਖੂਨ ਦਾਨ ਕਰਕੇ ਮਾਨਵਤਾ ਦੀ ਸੇਵਾ ਵਿੱਚ ਆਪਣਾ ਯੋਗਦਾਨ ਪਾਇਆ ਜਾ ਸਕਦਾ ਹੈ।

ਉਨ੍ਹਾ ਦੱਸਿਆ ਕਿ ਹਰ ਸਿਹਤਮੰਦ ਵਿਅਕਤੀ/ਮਹਿਲਾ 90 ਦਿਨਾਂ ਬਾਅਦ ਖੂਨ ਦਾਨ ਕਰ ਸਕਦੇ ਹਨ। ਉਨ੍ਹਾ ਜਸਵਿੰਦਰ ਸਿੰਘ ਢਿੱਲੋਂ ਮੈਮੋਰੀਅਲ ਵੈੱਲਫੇਅਰ ਸੁਸਾਇਟੀ ਵੱਲੋਂ ਲਗਾਏ ਖੂਨਦਾਨ ਕੈਂਪ ਦੀ ਸ਼ਲਾਘਾ ਕਰਦੇ ਕਿਹਾ ਕਿ ਅਜਿਹੇ ਕੈਂਪ ਲਗਾਉਣਾ ਬਹੁਤ ਵਧੀਆ ਉਪਰਾਲਾ ਹੈ। ਉਨ੍ਹਾ ਕਿਹਾ ਕਿ ਹੋਰਾਂ ਨੂੰ ਵੀ ਅਜਿਹੇ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਜੋ ਲੋੜਵੰਦਾਂ ਦੀ ਜਾਨ ਬਚਾਈ ਜਾ ਸਕੇ। ਇਸ ਮੌਕੇ ਜਸਵਿੰਦਰ ਸਿੰਘ ਮੈਮੋਰੀਅਲ ਵੈੱਲਫੇਅਰ ਸੁਸਾਇਟੀ ਦੇ ਪ੍ਰਧਾਨ ਗੁਰਜੀਤ ਸਿੰਘ ਢਿੱਲੋਂ ਤੇ ਸਮੂਹ ਸੁਸਾਇਟੀ ਮੈਂਬਰਾਂ ਨੇ ਖੂਨ ਦਾਨ ਕਰਨ ਵਾਲਿਆਂ ਨੂੰ ਸਨਮਾਨਤ ਕੀਤਾ।

ਗਿਆਰ੍ਹਵੀਂ ਸ਼੍ਰੇਣੀ ਦੇ ਦਾਖਲੇ ਲਈ ਸਕਾਲਰਸ਼ਿਪ ਟੈਸਟ ਤੇ ਗਾਈਡੈਂਸ ਸੈਮੀਨਾਰ ਸੰਪੰਨ

ਬਾਘਾ ਪੁਰਾਣਾ (ਮਨੀ ਸਿੰਗਲਾ)-ਵਿੱਦਿਆ ਦੇ ਖੇਤਰ ਵਿਚ ਬੁਲੰਦੀਆਂ ਨੂੰ ਛੂਹ ਰਹੀ ਸੰਸਥਾ ਪੰਜਾਬ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਦੇ ਵੱਲੋਂ ਚੇਅਰਮੈਨ ਗੁਰਦੇਵ ਸਿੰਘ ਤੇ ਪ੍ਰਿੰਸੀਪਲ ਅਤੇ ਡਾਇਰੈਕਟਰ ਸੰਦੀਪ ਮਹਿਤਾ ਦੀ ਰਹਿਨੁਮਾਈ ਵਿੱਚ ਗਿਆਰਵੀਂ ਸ਼੍ਰੇਣੀ ਦੇ ਦਾਖਲੇ ਲਈ ਸਕਾਲਰਸ਼ਿਪ ਟੈਸਟ ਦਾ ਆਯੋਜਨ ਕੀਤਾ ਗਿਆ। ਜ਼ਿਕਰਯੋਗ ਹੈ ਕਿ ਟੈਸਟ ਸਾਲ 2009 ਤੋਂ ਲਗਾਤਾਰ ਹਰ ਸਾਲ ਆਯੋਜਤ ਕੀਤਾ ਜਾਂਦਾ ਹੈ, ਜਿਸ ਵਿੱਚ ਪਹਿਲੀਆਂ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀ ਵਿੱਤੀ ਸਹਾਇਤਾ ਕੀਤੀ ਜਾਂਦੀ ਹੈ। ਇਸ ਵਾਰ ਵੀ ਇਸ ਟੈਸਟ ਲਈ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਵਿੱਚ ਭਰਭੂਰ ਉਤਸ਼ਾਹ ਦੇਖਿਆ ਗਿਆ। ਇਸ ਟੈਸਟ ਵਿੱਚ 110 ਦੇ ਕਰੀਬ ਵਿਦਿਆਰਥੀਆਂ ਨੇ ਭਾਗ ਲਿਆ, ਜਿਸ ਵਿੱਚ (ਸੀ.ਬੀ.ਐੱਸ. ਸੀ., ਆਈ.ਸੀ.ਐੱਸ.ਸੀ. ਤੇ ਪੀ.ਐੱਸ.ਈ.ਬੀ) ਦੇ ਵਿਦਿਆਰਥੀ ਵੀ ਸ਼ਾਮਲ ਹੋਏ। ਇਸ ਟੈਸਟ ਦਾ ਮੁੱਖ ਮੰਤਵ ਵਿਦਿਆਰਥੀਆਂ ਦੀ ਵਿੱਤੀ ਸਹਾਇਤਾ ਦੇ ਨਾਲ-ਨਾਲ ਉਨ੍ਹਾਂ ਨੂੰ ਵਿਸ਼ਿਆਂ ਦੀ ਚੋਣ ਸਬੰਧੀ ਸਹੀ ਜਾਣਕਾਰੀ ਪ੍ਰਦਾਨ ਕਰਨਾ ਹੁੰਦਾ ਹੈ। ਇਸ ਮੌਕੇ ਸੰਸਥਾ ਦੇ ਪ੍ਰਿੰਸੀਪਲ ਤੇ ਡਾਇਰੈਕਟਰ ਸੰਦੀਪ ਮਹਿਤਾ ਵੱਲੋਂ ਵਿਦਿਆਰਥੀਆਂ ਨੂੰ ਅਲੱਗ-ਅਲੱਗ ਵਿਸ਼ਿਆਂ ਬਾਰੇ ਗਾਈਡੈਂਸ ਦਿੱਤੀ ਗਈ ਕਿ ਭਵਿੱਖ ਵਿੱਚ ਇਹ ਵਿਸ਼ੇ ਉਨ੍ਹਾਂ ਲਈ ਕਿਵੇਂ ਸਹਾਈ ਹੋ ਸਕਦੇ ਹਨ। ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਲਈ ਕ੍ਰਮਵਾਰ 25000, 20,000 ਤੇ 15000 ਰੁਪਏ ਸਕਾਲਰਸ਼ਿਪ ਰੱਖੀ ਗਈ। ਇਸ ਵਾਰ ਸਕਾਲਰਸ਼ਿਪ ਟੈਸਟ ਵਿੱਚੋਂ ਪਹਿਲੀ ਪੁਜ਼ੀਸ਼ਨ ਸ਼ਨਾਇਆ ਮਹਿਤਾ ਤੇ ਦੂਸਰੀ ਕੰਗਨਾ ਅਰੋੜਾ ਨੇ ਪ੍ਰਾਪਤ ਕੀਤੀ। ਮਹਿਕਵੀਰ ਕੌਰ ਨੂੰ 25000 ਰੁਪਏ, ਯਸ਼ਿਕਾ ਮਿੱਤਲ ਤੇ ਗੁਰਵੀਰ ਕੌਰ ਨੂੰ 20,000 ਰੁਪਏ। ਇਸੇ ਤਰ੍ਹਾਂ ਪ੍ਰਨੀਤ ਕੌਰ ਗਿੱਲ ਤੇ ਗੁਰਨੂਰ ਕੌਰ ਨੇ 15,000 ਰੁਪਏ ਸਕਾਲਰਸ਼ਿਪ ਪ੍ਰਾਪਤ ਕੀਤੀ। ਇਸ ਸਮੇਂ ਸਕੂਲ ਦੇ ਡਾਇਰੈਕਟਰ ਤੇ ਪ੍ਰਿੰਸੀਪਲ, ਕੋ-ਆਰਡੀਨੇਟਰ ਮੁਕੇਸ਼ ਅਰੋੜਾ ਤੇ ਮੈਡਮ ਦੀਪਿਕਾ ਮਨਚੰਦਾ ਅਤੇ ਐਡਵੋਕੇਟ ਰਾਜਾ ਸਿੰਘ ਵੱਲੋਂ ਵਿਦਿਆਰਥੀਆਂ ਨੂੰ ਇਨਾਮ ਦੀ ਰਾਸ਼ੀ ਤੇ ਟਰਾਫੀਆਂ ਦੇ ਕੇ ਸਨਮਾਨਤ ਕੀਤਾ ਗਿਆ। ਇਸ ਪ੍ਰਾਪਤੀ ਲਈ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਗਈ। ਇਸ ਸੈਮੀਨਾਰ ਦੇ ਆਖੀਰ ਵਿੱਚ ਆਏ ਹੋਏ ਬੱਚਿਆਂ ਦੇ ਮਾਪਿਆਂ ਦਾ ਧੰਨਵਾਦ ਕੀਤਾ। ਸਟੇਜ ਸੰਚਾਲਨ ਦੀ ਭੂਮਿਕਾ ਮੈਡਮ ਹਰਦੀਪ ਕੌਰ ਤੇ ਹਰਜਿੰਦਰਪਾਲ ਵੱਲੋਂ ਨਿਭਾਈ ਗਈ। ਇਸ ਮੌਕੇ ਸਕੂਲ ਦਾ ਸਮੁੱਚਾ ਸਟਾਫ ਹਾਜ਼ਰ

25-March-PAGE-11-Majha-24.qxd 3/24/2024 10:07 PM Page 1

ਦੋ ਰੋਜ਼ਾ ਤਕਨੀਕੀ-ਉਤਸਵ 'ਟੈਕ ਊਰਜਾ 2-ਕੇ 24' ਆਯੋਜਿਤ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਖਾਲਸਾ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਰਣਜੀਤ ਐਵੀਨਿਊ ਵਿਖੇ ਰਾਸ਼ਟਰੀ ਪੱਧਰ ਦਾ 2 ਰੋਜ਼ਾ ਸਾਲਾਨਾ ਤਕਨੀਕੀ-ਉਤਸਵ 'ਟੈਕ ਊਰਜਾ 2-ਕੇ24' ਕਰਵਾਇਆ ਗਿਆ। ਕਾਲਜ ਡਾਇਰੈਕਟਰ ਡਾ. ਮੰਜੂ ਬਾਲਾ ਦੇ ਦਿਸ਼ਾ ਨਿਰਦੇਸ਼ਾਂ 'ਤੇ ਆਈ. ਈ. ਈ. ਈ. ਸਟੂਡੈਂਟ ਬ੍ਰਾਂਚ ਅਧੀਨ ਸੰਸਥਾ ਆਈ. ਐਸ. ਟੀ. ਈ. ਸਟੂਡੈਂਟ ਚੈਪਟਰ ਦੇ ਸਹਿਯੋਗ ਕਰਵਾਏ ਇਸ ਪ੍ਰੋਗਰਾਮ ਮੌਕੇ 50 ਤੋਂ ਵਧੇਰੇ ਈਵੈਂਟਾਂ ਲਈ ਸੂਬੇ ਦੀਆਂ ਵੱਖ-ਵੱਖ ਸੰਸਥਾਵਾਂ ਦੇ ਲਗਭਗ 800 ਵਿਦਿਆਰਥੀਆਂ ਨੇ ਸ਼ਿਰਕਤ ਕੀਤੀ। ਇਸ ਸਮਾਗਮ ਦੀ ਸ਼ੁਰੂਆਤ ਵਿਦਿਆਰਥੀਆਂ ਵੱਲੋਂ ਸ਼ਬਦ ਗਾਇਨ ਉਪਰੰਤ ਸ਼ਮ੍ਹਾ ਰੌਸ਼ਨ ਕੀਤੀ ਗਈ।

ਇਸ ਮੌਕੇ ਵਿਦਿਆਰਥੀ ਕੋਆਰਡੀਨੇਟਰਾਂ ਨੇ ਡਾ. ਮੰਜੂ ਬਾਲਾ ਦਾ ਫੁੱਲਾਂ ਨਾਲ ਸਵਾਗਤ ਕੀਤਾ। ਇਸ 2 ਰੋਜ਼ਾ ਪ੍ਰੋਗਰਾਮ ਮੌਕੇ ਕੋਡ ਵਾਰੀਅਰ, ਵੈੱਬ ਵਾਰ, ਆਈ.ਟੀ. ਚਾਰਟ, ਕੋਲਾਜ, ਮਸ਼ੀਨ ਡਰਾਇੰਗ, ਸਾਲਿਡ ਮਾਡਲਿੰਗ, ਬ੍ਰਿਜ ਬਿਲਡਿੰਗ, ਵਾਟਰ ਪਿਊਰੀਫਾਇਰ, ਸਰਵੇ ਹੰਟ, ਆਟੋ-ਕੈਡ, ਇਲੈਕਟ੍ਰਾਨਿਕ ਪੋਸਟਰ ਮੇਕਿੰਗ ਆਦਿ ਦਾ ਆਯੋਜਨ ਕੀਤਾ ਗਿਆ। ਇਸ ਤਕਨੀਕੀ ਈਵੈਂਟ 'ਚ ਕੁਇਜ਼ਪੀਡੀਆ, ਐਕਸਟੈਂਪੋਰ, ਗਰੁੱਪ ਡਿਸਕਸ਼ਨ, ਪੋਟ ਮੇਕਿੰਗ, ਨੋ ਫਲੇਮ ਕੁਕਿੰਗ, ਪ੍ਰੈਪਰੇਸ਼ਨ ਆਫ ਮੌਕ-ਟੇਲ ਅਤੇ ਟੌਲ ਆਰਟ ਆਦਿ ਤੋਂ ਇਲਾਵਾ ਵੱਖ-ਵੱਖ ਕਾਲਜਾਂ ਦੇ ਵਿਦਿਆਰਥੀਆਂ ਨੇ ਨਵੀਨਤਮ ਤਕਨੀਕਾਂ ਜਿਵੇਂ ਕਿ ਪੌਦਿਆਂ ਲਈ ਆਟੋਮੈਟਿਕ ਪਾਣੀ ਦੇਣ ਵਾਲਾ ਯੰਤਰ, ਦਿਲ ਦੇ ਗੇੜ ਅਤੇ ਅਨੱਸਥੀਸੀਆ ਮਸ਼ੀਨ, ਠੰਡਾ ਫੁੱਟਪਾਥ, ਮੋਜ਼ੇਕ ਕੰਕਰੀਟ, ਹਾਈਡਰੋਜਨੇਸ਼ਨ ਡੈਮ, ਉਦਮੀ ਭਾਸ਼ਣ, ਸਥਿਤੀ ਪ੍ਰਤੀਕਿਰਿਆ ਟੈਸਟ, ਪੇਪਰ ਪੇਸ਼ਕਾਰੀ, ਸਿੰਗਿੰਗ ਅਤੇ ਮਿਮਿਕਰੀ, ਟੈਕ ਰੀਲਜ਼ ਅਤੇ ਡੀਐਸਐਲਆਰ ਫੋਟੋਗ੍ਰਾਫੀ ਦੇ ਨਾਲ ਈ ਸਪੋਰਟਸ ਵਰਗੇ ਮੁਕਾਬਲੇ ਕਰਵਾਏ ਗਏ।

ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੇ ਬਲਾਕ ਦੀਨਾਨਗਰ ਯੂਨਿਟ ਦਾ ਆਮ ਅਜਲਾਸ

* ਆਜ਼ਾਦੀ ਦੇ ਪ੍ਰਵਾਨਿਆਂ ਦੀ ਲਾਸਾਨੀ ਸ਼ਹਾਦਤ ਨੂੰ ਕੀਤੇ ਅਕੀਦਤ ਦੇ ਫੁੱਲ ਭੇਟ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੇ ਬਲਾਕ ਦੀਨਾਨਗਰ ਯੂਨਿਟ ਦਾ ਆਮ ਅਜਲਾਸ ਅੱਗਰਵਾਲ ਭਵਨ ਦੀਨਾਨਗਰ ਵਿਖੇ ਹੋਇਆ। ਇਹ ਅਜਲਾਸ ਸੁਰੇਸ਼ ਸ਼ਰਮਾ ਜ਼ਿਲ੍ਹਾ ਵਿੱਤ ਸਕੱਤਰ, ਸਵਿੰਦਰ ਔਲਖ ਜ਼ਿਲ੍ਹਾ ਜਨਰਲ ਸਕੱਤਰ, ਆਗਿਆ ਰਾਮ ਸਰਪ੍ਰਸਤ, ਬਨਾਰਸੀ ਦਾਸ ਮਹਿਤਾ ਸਰਪ੍ਰਸਤ, ਸਾਧੂ ਰਾਮ ਅਤੇ ਕੇਵਲ ਕ੍ਰਿਸ਼ਨ ਸੈਣੀ ਦੀ ਪ੍ਰਧਾਨਗੀ ਹੇਠ ਹੋਇਆ। ਇਸ ਚੋਣ ਅਜਲਾਸ ਦਾ ਪਹਿਲਾ ਭਾਗ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਅਤੇ ਹੋਰ ਆਜ਼ਾਦੀ ਦੇ ਪਰਵਾਨਿਆਂ ਨੂੰ ਸਮਰਪਿਤ ਕੀਤਾ ਗਿਆ ਜਿਸ ਦੌਰਾਨ ਮੰਗਤ ਚੰਚਲ, ਪਰਮਜੀਤ ਬੈਂਸ, ਗੁਰਮੇਜ ਸਿੰਘ ਜਕੜੀਆ ਅਤੇ ਇਨ: ਹੇਮ ਰਾਜ ਨੇ ਬੜੇ ਹੀ ਭਾਵਪੂਰਤ ਸ਼ਬਦਾਂ ਵਿੱਚ ਸ਼ਹੀਦਾਂ ਦੀ ਲਾਸਾਨੀ ਕੁਰਬਾਨੀ ਨੂੰ ਯਾਦ ਕੀਤਾ ਅਤੇ ਉਹ ਕਿੱਥੇ ਤੇ ਅਸੀਂ ਕਿੱਥੇ ਦੇ ਪਾੜੇ 'ਤੇ ਵੀ ਉਂਗਲ ਧਰੀ। ਚੋਣ ਪ੍ਰਕਿਰਿਆ ਦੇ ਭਾਗ ਵਿੱਚ ਵਿੱਤ ਸਕੱਤਰ ਮਦਨ ਲਾਲ ਸ਼ਰਮਾ ਨੇ ਵਿੱਤ ਦਾ ਲੇਖਾ ਪੇਸ਼ ਕੀਤਾ। ਰੂਪ ਚੰਦ ਸ਼ਰਮਾ ਨੇ ਸਭਾ ਵੱਲੋਂ ਪਿਛਲੇ ਸਮੇਂ ਦੌਰਾਨ ਕੀਤੇ ਗਏ ਕੰਮਾਂ ਬਾਰੇ ਚਾਨਣਾ ਪਾਇਆ। ਪ੍ਰਧਾਨ ਜੋਗਿੰਦਰ ਪਾਲ ਸੈਣੀ ਨੇ ਵੀ ਆਪਣੇ ਪ੍ਰਧਾਨਗੀ ਦੇ ਸਫਰ 'ਤੇ ਗੱਲਬਾਤ ਕੀਤੀ ਅਤੇ ਪਿਛਲੀ ਕਮੇਟੀ ਨੂੰ ਭੰਗ ਕਰਨ ਦਾ ਐਲਾਨ ਕੀਤਾ। ਬੂਟੀ ਰਾਮ ਨੇ ਬਤੌਰ ਪ੍ਰੀਜ਼ਾਈਡਿੰਗ ਅਫਸਰ ਅਤੇ ਪਰਮਜੀਤ ਬੈਂਸ ਨੇ ਬਤੌਰ ਏਪੀਓ ਕਮਾਂਡ ਸੰਭਾਲੀ ਅਤੇ ਚੋਣ ਪੈਨਲਾਂ ਦੀ ਮੰਗ ਕੀਤੀ। ਸਿਰਫ ਇੱਕ ਹੀ ਚੋਣ ਪੈਨਲ ਜੋਗਿੰਦਰ ਪਾਲ ਕਲੀਜਪੁਰ ਵੱਲੋਂ ਪੇਸ਼ ਕੀਤਾ ਗਿਆ ਜਿਸ ਦੇ ਅਧਾਰ 'ਤੇ ਪ੍ਰੀਜ਼ਾਈਡਿੰਗ ਅਧਿਕਾਰੀਆਂ ਵੱਲੋਂ ਚੋਣ ਨਤੀਜੇ ਦਾ ਐਲਾਨ ਕਰਦਿਆਂ ਮੰਗਤ ਚੰਚਲ ਨੂੰ ਪ੍ਰਧਾਨ, ਮਦਨ ਲਾਲ ਸ਼ਰਮਾ ਨੂੰ ਵਿੱਤ ਸਕੱਤਰ, ਵਿਨੋਦ ਸ਼ਰਮਾ ਨੂੰ ਜਨਰਲ ਸਕੱਤਰ ਅਤੇ ਜੋਗਿੰਦਰ ਪਾਲ ਸੈਣੀ ਨੂੰ ਮੁੱਖ ਸਲਾਹਕਾਰ ਐਲਾਨ ਕੀਤਾ ਗਿਆ। ਬਾਕੀ ਅਹੁਦੇਦਾਰਾਂ ਅਤੇ ਵਰਕਿੰਗ ਕਮੇਟੀ ਦੀ ਵੀ ਚੋਣ ਕਰ ਲਈ ਗਈ। ਇਸ ਮੌਕੇ ਬੋਲਦਿਆਂ ਨਵੇਂ ਚੁਣੇ ਗਏ ਪ੍ਰਧਾਨ ਮੰਗਤ ਚੰਚਲ ਨੇ ਹਾਜ਼ਰ ਮੈਂਬਰਾਂ ਨੂੰ ਮੁਖਾਤਿਬ ਹੁੰਦਿਆਂ ਵਿਸ਼ਵਾਸ ਦਵਾਇਆ ਕਿ ਉਹ ਆਪਣੇ ਵਿੱਤ ਅਨੁਸਾਰ ਆਪਣੀ ਜ਼ਿੰਮੇਵਾਰੀ ਨੂੰ ਨਿਭਾਉਣਗੇ ਅਤੇ ਆਪ ਦੀਆਂ ਉਮੀਦਾਂ ਦਾ ਮਾਣ ਰੱਖਣ ਲਈ ਯਤਨਸ਼ੀਲ ਰਹਿਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬੂਟਾ ਸਿੰਘ, ਪ੍ਰੇਮ ਨਾਥ, ਧਰਮ ਪਾਲ, ਅਸ਼ੋਕ ਕੁਮਾਰ, ਜੈ ਸਿੰਘ ਸੈਣੀ, ਜੋਗਿੰਦਰ ਸਿੰਘ ਡਾਲੀਆ, ਮਹਿੰਦਰ ਪਾਲ, ਕਰਤਾਰ ਚੰਦ, ਸੁਭਾਸ਼ ਚੰਦਰ, ਹਰੀ ਨਰਾਇਣ, ਹੰਸ ਰਾਜ, ਮੁਨਸ਼ੀ ਰਾਮ, ਨਰਿੰਦਰ ਕੁਮਾਰ, ਸੰਸਾਰ ਚੰਦ, ਨਰਿੰਦਰ ਕੁਮਾਰ, ਅਜੇ ਸਿੰਘ, ਵਿਜੇ ਮਹਿਤਾ, ਬਸੰਤ ਕੁਮਾਰ ਭੱਲਾ, ਹਰਦੇਵ ਸਿੰਘ, ਰਛਪਾਲ ਸਿੰਘ, ਰਮੇਸ਼ ਚੰਦ, ਕਰਮ ਚੰਦ, ਗੁਰਦਿਆਲ ਚੰਦ, ਸੁਨੀਲ ਕੁਮਾਰ, ਕਿਸ਼ਨ ਸਿੰਘ, ਮਨੋਹਰ ਲਾਲ, ਕਸ਼ਮੀਰ ਸਿੰਘ, ਗਨੇਸ਼ ਦਾਸ, ਵਿੱਦਿਆ ਸਾਗਰ, ਰਤਨ ਸਿੰਘ ਦਲੀਪ ਸਿੰਘ, ਰਾਮ ਧਨ, ਰਾਮ ਨਾਥ, ਬਲਦੇਵ ਰਾਜ, ਬੰਸੀ ਲਾਲ, ਜਗਦੀਸ਼ ਰਾਜ, ਜਤਿੰਦਰ ਕੁਮਾਰ, ਮੋਹਨ ਲਾਲ ਆਦਿ ਹਾਜ਼ਰ ਸਨ।

ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਦਾ ਲਿਆ ਅਹਿਦ

ਗਹਿਰੀ ਮੰਡੀ(ਮਨਜੀਤ ਸਿੰਘ ਭੰਗੂ)-ਬੀਤੇ ਦਿਨ ਸੀਪੀਆਈ ਐੱਮਐੱਲ ਵੱਲੋਂ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਸਿੰਘ ਨੂੰ ਸ਼ਹੀਦੀ ਦਿਨ 'ਤੇ ਗਾਧੀ ਪਾਰਕ ਤਰਨਤਾਰਨ ਵਿਚ ਸ਼ਰਧਾਂਜਲੀਆਂ ਭੇਟ ਕੀਤੀਆ ਗਈਆਂ ਅਤੇ ਸ਼ਹੀਦਾਂ ਦੀ ਸੋਚ ਤੇ ਅਧੂਰੇ ਕਾਰਜ ਪੂਰੇ ਕਰਨ ਦੇ ਨਾਅਰੇ ਵੀ ਲਾਏ ਗਏ।

ਪੰਜਾਬ ਕਿਸਾਨ ਯੂਨੀਅਨ ਦੇ ਆਗੂ ਬਲਬੀਰ ਸਿੰਘ ਮੂਧਲ ਤੇ ਵੱਖ-ਵੱਖ ਪਿੰਡਾਂ ਤੋਂ ਆਏ ਯੂਨੀਅਨ ਦੇ ਆਗੂਆਂ ਨੇ ਸ਼ਹੀਦਾਂ ਦੇ ਸਪਨਿਆਂ ਨੂੰ ਤਾਜ਼ਾ ਕੀਤਾ ਅਤੇ ਸ਼ਹੀਦਾਂ ਦੇ ਰਸਤੇ 'ਤੇ ਚਲਣ ਦਾ ਅਹਿਦ ਲਿਆ ਤੇ ਮਾਰਚ ਵੀ ਕੱਢਿਆ ਗਿਆ।

ਉਸ ਸਮੇਂ ਕਾਰਜਕਾਰੀ ਜ਼ਿਲਾ ਸਕੱਤਰ ਦਲਵਿੰਦਰ ਸਿੰਘ ਨੌਸ਼ਹਿਰਾ ਪਨੂੰਆਂ, ਜ਼ੋਨਲ ਸਕੱਤਰ ਬਲਬੀਰ ਸਿੰਘ ਮੂਧਲ, ਮਜ਼ਦੂਰ ਮੁਕਤੀ ਮੋਰਚਾ ਦੇ ਆਗੂ ਮੰਗਲ ਸਿੰਘ ਧਰਮਕੋਟ, ਜ਼ਿਲਾ ਪ੍ਰਧਾਨ ਬਲਵਿੰਦਰ ਗੋਹਲਵੜ, ਪੰਜਾਬ ਕਿਸਾਨ ਯੂਨੀਅਨ ਦੇ ਆਗੂ ਨਰਿੰਦਰ ਤੇੜਾ, ਮਨਜੀਤ ਸਿੰਘ ਗਹਿਰੀ, ਐਡਵੋਕੇਟ ਗੁਰਸੇਵਕ ਸਿੰਘ ਪਨੂੰ, ਦਲਬੀਰ ਸਿੰਘ ਦਿਓਲ, ਸੁਖਦੇਵ ਸਿੰਘ ਸਰਜਾ ਆਦਿ ਹਾਜ਼ਰ ਸਨ।

ਸਰਕਾਰ ਬਾਰਸ਼ਾਂ ਦਾ ਪਾਣੀ ਧਰਤੀ ਹੇਠਾਂ ਜਜ਼ਬ ਕਰਨ ਦਾ ਉਪਰਾਲਾ ਕਰੇ: ਕੋਹਾੜਕਾ

ਵਲਟੋਹਾ (ਰਣਜੀਤ ਸਿੰਘ ਵਲਟੋਹਾ)-ਹਰੇਕ ਸਾਲ ਗਰਮੀਆਂ ਤੇ ਸਰਦੀਆਂ ਵਿਚ ਖਾਸ ਕਰਕੇ ਜਦੋਂ ਬਾਰਸ਼ਾਂ ਜ਼ਿਆਦਾ ਹੁੰਦੀਆਂ ਹਨ ਓਦੋਂ ਪਾਣੀ ਜ਼ਿਆਦਾ ਹੋਣ ਕਰਕੇ ਬਰਸਾਤੀ ਨਾਲਿਆਂ ਅਤੇ ਰੋਹੀਆਂ ਰਾਹੀਂ ਦਰਿਆਵਾਂ ਵਿੱਚ ਜਾ ਕੇ ਸਮੁੰਦਰ ਵਿੱਚ ਚਲਾ ਜਾਂਦਾ ਹੈ ਜਿਸਦਾ ਸਾਨੂੰ ਕੋਈ ਲਾਭ ਨਹੀਂ ਹੁੰਦਾ। ਸਾਨੂੰ ਇਸ ਪਾਣੀ ਨੂੰ ਜ਼ਮੀਨ ਹੇਠਾ ਜਜ਼ਬ ਕਰਨਾ ਚਾਹੀਦਾ ਹੈ। ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਗੁਰਮੁਖ ਸਿੰਘ ਕੋਹਾੜਕਾ ਨੇ ਪੱਤਰਕਾਰਾਂ ਸਾਹਮਣੇ ਕੀਤਾ। ਉਨ੍ਹਾਂ ਕਿਹਾ ਕਿ ਬਾਰਸ਼ਾਂ ਦੇ ਪਾਣੀ ਨੂੰ ਜ਼ਮੀਨ ਹੇਠਾਂ ਜਜ਼ਬ ਕਰਨ ਨਾਲ ਇੱਕ ਤਾਂ ਪਾਣੀ ਦਾ ਲੈਵਲ ਉੱਪਰ ਆਉਂਦਾ ਹੈ, ਦੂਜਾ ਧਰਤੀ ਹੇਠਲਾ ਪਾਣੀ ਸ਼ੁੱਧ ਹੁੰਦਾ ਹੈ। ਪਾਣੀ ਨੂੰ ਜ਼ਮੀਨ ਹੇਠਾ ਜਜ਼ਬ ਕਰਨ ਲਈ ਸਰਕਾਰ ਬਰਸਾਤੀ ਨਾਲਿਆਂ ਅਤੇ ਰੋਹੀਆਂ ਨੂੰ ਪੁੱਟ ਕੇ ਡੂੰਘਿਆਂ ਕਰਕੇ ਵਿੱਚ-ਵਿੱਚ ਪੱਕੀਆਂ ਰੋਕਾਂ ਬਣਾਵੇ ਤੇ ਕੰਢਿਆਂ 'ਤੇ ਬਾਗਬਾਨੀ ਵਿਭਾਗ ਰਾਹੀਂ ਫਲਦਾਰ ਬੂਟੇ ਲਾ ਕੇ ਇਨ੍ਹਾਂ ਤੋਂ ਸਰਕਾਰ ਆਮਦਨ ਵਧਾਵੇ। ਇਸੇ ਤਰ੍ਹਾਂ ਸਰਕਾਰੀ ਜੰਗਲਾਤ ਦੀ ਜ਼ਮੀਨ ਵਿਚ ਲੰਮੇ ਚੌੜੇ ਤੇ ਡੂੰਘੇ ਖਾਲ ਪੁੱਟ ਕੇ ਕੰਢਿਆਂ 'ਤੇ ਫਲਦਾਰ ਬੂਟੇ ਲਾ ਕੇ ਕਮਾਈ ਕਰੇ। ਨਹਿਰਾਂ/ਕੱਸੀਆਂ ਦੇ ਦੋਵੇਂ ਪਾਸੇ ਖਾਲੀ ਪਈ ਜ਼ਮੀਨ ਵਿਚ ਖਾਲ ਪੁੱਟ ਕੇ ਦੋਵੀਂ ਪਾਸੀਂ ਫਲਦਾਰ ਬੂਟੇ ਲਾਵੇ। ਇਨ੍ਹਾਂ ਬੂਟਿਆਂ ਨੂੰ ਹਰ ਸਾਲ ਸਰਕਾਰ ਠੇਕੇ 'ਤੇ ਦੇ ਕੇ ਆਮਦਨ ਲੈ ਸਕਦੀ ਹੈ, ਨਾਲੇ ਵਾਤਾਵਰਨ ਸ਼ੁੱਧ ਹੁੰਦਾ ਹੈ।

ਇਸੇ ਤਰ੍ਹਾਂ ਕਿਸਾਨਾਂ ਨੂੰ ਆਪਣੇ ਖੇਤਾਂ ਵਿੱਚ ਡੂੰਘੇ ਟੋਏ ਪੁੱਟਣ ਲਈ ਪ੍ਰੇਰਨਾ ਚਾਹੀਦਾ ਹੈ ਜਿਨ੍ਹਾਂ ਵਿੱਚ ਉਹ ਆਪਣੀਆਂ ਫਸਲਾਂ ਦੀ ਰਹਿੰਦ-ਖੂੰਹਦ ਨੂੰ ਸੁੱਟ ਕੇ ਗਾਲ ਕੇ ਰੂੜੀ ਬਣਾ ਸਕਦੇ ਹਨ। ਸਰਕਾਰ ਨੂੰ ਪੁਰਜ਼ੋਰ ਅਪੀਲ ਹੈ ਕਿ ਉਹ ਉਕਤ ਮਸਲੇ ਵੱਲ ਗੌਰ ਕਰੇ।

ਨਾਜਾਇਜ਼ ਸ਼ਰਾਬ ਤੇ ਲਾਹਣ ਬਰਾਮਦ, ਭੈਣੀ ਮੀਆਂ ਖਾਂ ਥਾਣੇ 'ਚ 3 ਮਾਮਲੇ ਦਰਜ

ਗੁਰਦਾਸਪੁਰ (ਜਨਕ ਮਹਾਜਨ)-ਪੰਜਾਬ ਪੁਲਸ ਅਤੇ ਐਕਸਾਈਜ਼ ਵਿਭਾਗ ਵੱਲੋਂ ਵਿਸ਼ੇਸ਼ ਅਭਿਆਨ ਚਲਾਇਆ ਜਾ ਰਿਹਾ ਹੈ। ਐੱਸਐੱਸਪੀ ਗੁਰਦਾਸਪੁਰ ਹਰੀਸ਼ ਦਾਯਮਾ ਦੇ ਨਿਰਦੇਸ਼ਾਂ ਤਹਿਤ ਗੁਰਦਾਸਪੁਰ ਪੁਲਸ ਨੇ ਥਾਣਾ ਭੈਣੀ ਮੀਆਂ ਖਾਂ ਦੇ ਅਧੀਨ ਆਉਂਦੇ ਪਿੰਡ ਮੋਚਪੁਰ ਦੇ ਲਾਗੇ ਦਰਿਆ ਬਿਆਸ ਦੇ ਏਰੀਏ ਵਿੱਚ ਰਾਜਬੀਰ ਸਿੰਘ, ਡੀਐੱਸਪੀ ਧਾਰੀਵਾਲ/ਗੁਰਦਾਸਪੁਰ ਅਤੇ ਇੰਸਪੈਕਟਰ ਸੁਮਨਪ੍ਰੀਤ ਕੌਰ ਮਾਨ ਮੁੱਖ ਅਫਸਰ ਥਾਣਾ ਭੈਣੀ ਮੀਆਂ ਖਾਂ ਦੀ ਅਗਵਾਈ ਹੇਠ ਪੁਲਸ ਜਵਾਨਾਂ ਵੱਲੋਂ ਐਕਸਾਈਜ਼ ਵਿਭਾਗ ਦੇ ਨਾਲ ਮਿਲ ਕੇ ਸਾਂਝੀ ਰੇਡ ਦੌਰਾਨ ਨਜਾਇਜ਼ ਸ਼ਰਾਬ ਅਤੇ ਲਾਹਣ ਬਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਐੱਸਐੱਸਪੀ ਗੁਰਦਾਸਪੁਰ ਹਰੀਸ਼ ਦਾਯਮਾ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੁਲਸ ਵਿਭਾਗ ਅਤੇ ਐਕਸਾਈਜ਼ ਵਿਭਾਗ ਦੇ ਸਾਂਝੇ ਓਪਰੇਸ਼ਨ ਦੌਰਾਨ ਮੋਚਪੁਰ ਨੇੜੇ ਦਰਿਆ ਬਿਆਸ ਦੇ ਲਾਗੇ ਪਲਾਸਟਿਕ ਦੇ 10 ਕੈਨ ਨਜਾਇਜ਼ ਸ਼ਰਾਬ (300540 ਐੱਮ.ਐੱਲ.), ਪਲਾਸਟਿਕ ਦੀਆਂ 10 ਤਰਪਾਲਾਂ ਜਿਨ੍ਹਾਂ ਵਿੱਚ ਲਾਹਣ (2000 ਕੇ.ਜੀ.) ਅਤੇ ਪਲਾਸਟਿਕ ਦੀਆਂ 12 ਤਰਪਾਲਾਂ ਜਿਨ੍ਹਾਂ ਵਿੱਚ ਲਾਹਣ (2400 ਕੇ. ਜੀ.) ਬਰਾਮਦ ਹੋਈਆਂ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਬਰਾਮਦਗੀਆਂ ਲਈ ਥਾਣਾ ਭੈਣੀ ਮੀਆਂ ਖਾਂ ਵਿਖੇ ਐਕਸਾਈਜ਼ ਐਕਟ ਤਹਿਤ 3 ਵੱਖ-ਵੱਖ ਮੁਕੱਦਮੇ ਦਰਜ ਕੀਤੇ ਗਏ ਹਨ। ਦੋਸ਼ੀਆਂ ਨੂੰ ਜਲਦ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ। ਐੱਸਐੱਸਪੀ ਦਾਯਮਾ ਨੇ ਕਿਹਾ ਕਿ ਚੋਣਾਂ ਦੌਰਾਨ ਨਸ਼ਿਆਂ ਦੀ ਵਰਤੋਂ ਨੂੰ ਰੋਕਣ ਲਈ ਪੁਲਸ ਵਿਭਾਗ ਵੱਲੋਂ ਚੌਕਸੀ ਵਰਤੀ ਜਾ ਰਹੀ ਅਤੇ ਨਸ਼ਿਆਂ ਦੇ ਗੈਰ-ਕਾਨੂੰਨੀ ਕਾਰੋਬਾਰ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ। ਪੁਲਸ ਵਿਭਾਗ ਦੀ ਇਸ ਰੇਡ ਵਿੱਚ ਐਕਸਾਈਜ਼ ਵਿਭਾਗ ਦੇ ਇੰਸਪੈਕਟਰ ਬਿਕਰਮਜੀਤ ਸਿੰਘ, ਐਕਸਾਈਜ਼ ਇੰਸਪੈਕਟਰ ਅਨਿਲ ਕੁਮਾਰ, ਐਕਸਾਈਜ਼ ਇੰਸਪੈਕਟਰ ਹਰਵਿੰਦਰ ਸਿੰਘ ਅਤੇ ਐਕਸਾਈਜ਼ ਇੰਸਪੈਕਟਰ ਵਿਜੇ ਕੁਮਾਰ ਵੀ ਮੌਜੂਦ ਸਨ।

ਚੋਰੀਸ਼ੁਦਾ ਮੋਟਰਸਾਈਕਲ ਸਮੇਤ ਵਿਅਕਤੀ ਕਾਬੂ

ਗੁਰਦਾਸਪੁਰ, (ਜਨਕ ਮਹਾਜਨ)-ਥਾਣਾ ਦੀਨਾਨਗਰ ਪੁਲਿਸ ਨੇ ਇਕ ਵਿਅਕਤੀ ਨੂੰ ਚੋਰੀਸ਼ੁਦਾ ਮੋਟਰਸਾਈਕਲ ਸਮੇਤ ਕਾਬੂ ਕਰਨ ਵਿਚ ਸਫ਼ਲਤਾ ਹਾਸਲ ਕੀਤੀ ਹੈ। ਜਾਣਕਾਰੀ ਦਿੰਦੇ ਹੋਏ ਏਐੱਸਆਈ ਪਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਭੈੜੇ ਪੁਰਸ਼ਾਂ ਦੇ ਸੰਬੰਧ ਵਿੱਚ ਮੁੱਖਬਰ ਖਾਸ ਦੀ ਇਤਲਾਹ 'ਤੇ ਮਗਰਾਲਾ ਮੋੜ ਦੀਨਾਨਗਰ ਵਿਖੇ ਨਾਕਾਬੰਦੀ ਕਰਕੇ ਸਰਵਨ ਕੁਮਾਰ ਪੁੱਤਰ ਤਿਲਕ ਰਾਜ ਵਾਸੀ ਮੱਲੀਆਂ ਨੂੰ ਚੋਰੀਸ਼ੁਦਾ ਮੋਟਰਸਾਈਕਲ ਨੰਬਰ ਐੱਚ.ਪੀ.97.0465 ਮਾਰਕਾ ਟੀ.ਵੀ.ਐੱਸ. ਸਟਾਰ ਸਿਟੀ ਸਮੇਤ ਗ੍ਰਿਫਤਾਰ ਕੀਤਾ ਹੈ। ਉਨ੍ਹਾਂ ਕਿਹਾ ਸਰਵਨ ਕੁਮਾਰ ਖ਼ਿਲਾਫ਼ ਜ਼ੇਰੇ ਧਾਰਾ 379 ਅਤੇ 411 ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਗਈ ਹੈ।

ਅਸਲਾ ਧਾਰਕ ਆਪਣੇ ਹਥਿਆਰ ਜਮ੍ਹਾ ਕਰਵਾਉਣ: ਚੌਕੀ ਇੰਚਾਰਜ

ਬੁਤਾਲਾ (ਨਿਰਮਲ ਸਿੰਘ ਸੰਧਾ)-ਲੋਕ ਸਭਾ ਚੋਣਾਂ 2024 ਦੇ ਮੱਦੇਨਜ਼ਰ ਜ਼ਿਲ੍ਹੇ ਵਿੱਚ ਅਮਨ ਅਤੇ ਕਾਨੂੰਨ ਦੀ ਵਿਵਸਥਾ ਬਣਾਈ ਰੱਖਣ ਅਤੇ ਸ਼ਾਂਤੀ ਬਰਕਰਾਰ ਰੱਖਣ ਅਤੇ ਹੋਣ ਵਾਲੀਆਂ ਚੋਣਾਂ ਨੂੰ ਸ਼ਾਂਤੀਪੂਰਵਕ ਢੰਗ ਨਾਲ ਨੇਪਰੇ ਚਾੜ੍ਹਨ ਲਈ ਅਸਲਾ ਧਾਰਕ ਆਪਣੇ ਅਸਲੇ ਨੂੰ ਸਬਾਨਕ ਥਾਣੇ ਜਾਂ ਲਾਇਸੈਂਸੀ ਡੀਲਰਾਂ ਪਾਸ ਜਮ੍ਹਾ ਕਰਵਾਉਣ। ਏਐੱਸਆਈ ਬਲਵਿੰਦਰ ਸਿੰਘ ਚੌਕੀ ਇੰਚਾਰਜ ਬੁਤਾਲਾ ਨੇ ਕਿਹਾ ਕਿ ਅਗਰ ਇਸ ਵਿੱਚ ਕੋਈ ਕੁਤਾਹੀ ਵਰਤਦਾ ਹੈ ਤਾਂ ਉਸ 'ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਆਦਰਸ਼ ਬਿਰਧ ਆਸ਼ਰਮ 'ਚ ਬਜ਼ੁਰਗਾਂ ਨੇ ਮਨਾਇਆ

ਹੋਲੇ ਮਹੱਲੇ ਨੂੰ ਸਮਰਪਤ ਸ੍ਰੀ ਗੋਇੰਦਵਾਲ ਸਾਹਿਬ ਵਿਸ਼ੇਸ਼ ਸਪਲੀਮੈਂਟ

ਸੰਦੇਸ਼

ਹੋਲੇ ਮਹੱਲੇ ਮੌਕੇ ਅਦਾਰਾ ਨਵਾਂ ਜ਼ਮਾਨਾ ਦੇ ਪੱਤਰਕਾਰ ਕਾਬਲ ਸਿੰਘ ਮੱਲ੍ਹੀ ਵੱਲੋਂ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕਰਨ 'ਤੇ ਲੱਖ-ਲੱਖ ਵਧਾਈਆਂ

ਕੁਲਦੀਪ ਸਿੰਘ ਅੱਲਖ ਜਨਰਲ ਸਕੱਤਰ ਗ੍ਰੇਟਰ ਆਗਰੀ ਲਾਲ ਵਾਲ | ਜਗਰੂਪ ਸਿੰਘ ਸੰਧੂ ਸਰਪੰਚ | ਬਾਵਾ ਹਰਪ੍ਰੀਤ ਸਿੰਘ ਕਿਸਾਨ ਨੌਜਵਾਨ ਆਗੂ | ਭੁਪਿੰਦਰ ਸਿੰਘ ਐਮ ਡੀ ਪੁਖਰਾਜ ਕਿਸਾਨ ਸੇਵਾ ਕੇਂਦਰ

ਅਨੰਦਪੁਰ ਸਾਹਿਬ ਦਾ ਹੋਲਾ ਮਹੱਲਾ ਮਨਾ ਰਹੀਆਂ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

ਹੋਲੇ ਮਹੱਲੇ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ ਲੱਖ ਵਧਾਈਆਂ

ਖਾਲਸਾ ਪੰਜਾਬ ਪ੍ਰਿੰਟਿਗ ਪ੍ਰੈੱਸ

ਬਾਈਪਾਸ ਚੌਂਕ, ਸ੍ਰੀ ਗੋਇੰਦਵਾਲ ਸਾਹਿਬ (ਤਰਨ ਤਾਰਨ)

ਇੱਥੇ ਵਿਆਹ ਸ਼ਾਦੀਆਂ ਦੇ ਕਾਰਡ, ਬਿੱਲ ਬੁੱਕ, ਇਸ਼ਤਿਹਾਰ, ਵਿਜ਼ਟਿੰਗ ਕਾਰਡ, ਕੈਲੇਂਡਰ, ਲੈਟਰ ਪੈਡ ਆਦਿ ਦੀ ਕੰਪਿਊਟਰਾਈਜ਼ ਪ੍ਰਿੰਟਿਗ ਕੀਤੀ ਜਾਂਦੀ ਹੈ।

ਮੋਬਾ. 98720-75660 ਸ. ਰਣਜੀਤ ਸਿੰਘ

ਹੋਲੇ ਮਹੱਲੇ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ ਲੱਖ ਵਧਾਈਆਂ

ਪ੍ਰਤਾਪ ਇੰਸ਼ੋਰੈਂਸ ਪੁਆਇੰਟ

ਐਲ ਆਈ ਸੀ ਦੀਆਂ ਬੀਮਾ ਪਾਲਸੀਆਂ ਅਤੇ ਯੂਨਾਈਟਿਡ ਇੰਡੀਆ ਇੰਸੋਰੈਂਸ ਕੰਪਨੀ, ਡਾਕਖਾਨੇ ਦੀਆਂ ਬੱਚਤ ਯੋਜਨਾਵਾਂ ਲੈਣ ਲਈ ਸੰਪਰਕ ਕਰੋ।

ਐਲ ਆਈ ਸੀ ਦੇ ਲਈ ਏਜੰਟਾਂ ਦੀ ਭਰਤੀ ਕੀਤੀ ਜਾਂਦੀ ਹੈ।

ਪ੍ਰਤਾਪ ਸਿੰਘ ਪੰਜਾਬੀ

ਫੋਨ. 98723-04008, 96534-31414

ਹੋਲੇ ਮਹੱਲੇ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ ਲੱਖ ਵਧਾਈਆਂ

ਗੁਰ ਕ੍ਰਿਪਾ ਕਰਿਆਨਾ ਸਟੋਰ

ਹਰ ਤਰ੍ਹਾਂ ਦਾ ਸਾਫ਼ ਸੁਥਰਾ ਅਤੇ ਕੰਪਨੀਆਂ ਦਾ ਡੱਬੇ ਬੰਦ ਕਰਿਆਨਾ ਸਾਮਾਨ ਬਾਜ਼ਾਰ ਨਾਲੋਂ ਸਸਤਾ ਤੇ ਵਧੀਆ ਮਿਲਦਾ ਹੈ।

ਫੋਨ. 84270-28270

ਗੁਰਵਿੰਦਰ ਸਿੰਘ ਮੱਲ੍ਹੀ

ਹੋਲੇ ਮਹੱਲੇ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ ਲੱਖ ਵਧਾਈਆਂ

ਬਾਵਾ ਹਰਪ੍ਰੀਤ ਸਿੰਘ ਮਿੰਨਾ

ਸਥਾਨਕ ਨੌਜਵਾਨ ਆਗੂ

ਫੋਨ. 98769-04670

ਬਾਵਾ ਹਰਪ੍ਰੀਤ ਸਿੰਘ

ਮੱਲ੍ਹੀ ਇਲੈਕਟ੍ਰੋਨਿਕਸ

ਇੱਥੇ ਹਰ ਤਰ੍ਹਾਂ ਦਾ ਇਲੈਟ੍ਰੋਨਿਕ ਦਾ ਸਮਾਨ ਬਾਜ਼ਾਰ ਨਾਲੋਂ ਸਸਤਾ ਅਤੇ ਅਸਾਨ ਕਿਸ਼ਤਾਂ 'ਤੇ ਮਲਦਾ ਹੈ।

ਮੋਬਾ. 98766-42557

ਡਾ. ਮਨਜੀਤ ਸਿੰਘ ਮੱਲ੍ਹੀ

ਹੋਲੇ ਮਹੱਲੇ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ ਲੱਖ ਵਧਾਈਆਂ

ਤੁਹਾਡੇ ਬੱਚਿਆਂ ਦੇ ਉਜਵਲ ਭਵਿੱਖ ਲਈ

ਗੁਰੂ ਨਾਨਕ ਪਬਲਿਕ ਸੀਨੀਅਰ ਸੈਕੰਡਰੀ ਸਕੂਲ

ਸ੍ਰੀ ਗੋਇੰਦਵਾਲ ਸਾਹਿਬ ਜ਼ਿਲ੍ਹਾ ਤਰਨ ਤਾਰਨ

ਦਾਖ਼ਲਾ ਸ਼ੁਰੂ ਹੈ

(ਨਰਸਰੀ ਤੋਂ ਬਾਰ੍ਹਵੀਂ ਤੱਕ)

ਮੈਡੀਕਲ, ਨਾਨ ਮੈਡੀਕਲ, ਕਾਮਰਸ, ਆਰਟਸ ਦੀਆਂ ਕਲਾਸਾਂ ਸ਼ੁਰੂ

ਕੁਲਦੀਪ ਸਿੰਘ ਅੱਲਖ ਚੇਅਰਮੈਨ | ਸ੍ਰੀਮਤੀ ਬਲਜੀਤ ਕੌਰ ਪ੍ਰਿੰਸੀਪਲ

ਸੰਪਰਕ : 99155-00065, 98761-18145

ਹੋਲੇ ਮਹੱਲੇ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ ਲੱਖ ਵਧਾਈਆਂ

ਪੁਖਰਾਜ ਕਿਸਾਨ ਸੇਵਾ ਕੇਂਦਰ

ਇੰਡੀਅਨ ਆਇਲ ਪੈਟਰੋਲ ਪੰਪ

ਸ੍ਰੀ ਗੋਇੰਦਵਾਲ ਸਾਹਿਬ

ਸ. ਭੁਪਿੰਦਰ ਸਿੰਘ ਸਪੁੱਤਰ ਸਵ. ਸ. ਬਲੀ ਸਿੰਘ (ਮੋਬਾ. 98159-56153)

ਧੰਨਵਾਦ

ਮੈਂ ਉਨ੍ਹਾਂ ਸੱਜਣਾਂ-ਮਿੱਤਰਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦੇ ਹਾਂ, ਜਿਨ੍ਹਾਂ ਨੇ ਮੈਨੂੰ ਸਪਲੀਮੈਂਟ ਦੇ ਕੇ ਭਰਵਾਂ ਸਹਿਯੋਗ ਦਿੱਤਾ ਅਤੇ ਅੱਗੇ ਤੋਂ ਵੀ ਆਸ ਕਰਦਾ ਹਾਂ ਕਿ ਇਸੇ ਤਰ੍ਹਾਂ ਸਹਿਯੋਗ ਕਰਦੇ ਰਹਿਣਗੇ।

ਕਾਬਲ ਸਿੰਘ ਮੱਲ੍ਹੀ

ਪੱਤਰਕਾਰ ਸ੍ਰੀ ਗੋਇੰਦਵਾਲ ਸਾਹਿਬ, ਮੋਬਾ. 99142-36641

ਇਲਾਕੇ ਵਿੱਚ ਸੱਭ ਤੋਂ ਪੁਰਾਣਾ ਇੰਮੀਗਰੇਸ਼ਨ ਦਫ਼ਤਰ

Waheguru Enterprises

Inaugural offer 60% OFFER VAILD FROM 20TH MARCH TO 20TH APRIL 2024

7000 ONLY 3000 IELTS PTE 2500 ONLY 1000 SPOKEN

Office Address:- Near Govt. S.S School, Main Road Goindwal Sahib (M) 98046-93000 (M) 97104-93000

Rajwinder Singh Visa Expert

ਅਨਮੋਲ ਫੋਟੋ ਸਟੇਟ

ਫਤਿਆਬਾਦ

ਇੱਥੇ ਹਰ ਤਰ੍ਹਾਂ ਦੇ ਫਾਰਮ ਭਰਵਾਉਣ ਅਤੇ ਫੋਟੋ ਸਟੇਟ ਕਰਾਉਣ ਲਈ ਸੰਪਰਕ ਕਰੋ।

ਸੁਖਵਿੰਦਰ ਸਿੰਘ

ਮੋਬਾ. 98155-11850

ਐਡਵੋਕੇਟ ਹਰਜਿੰਦਰ ਸਿੰਘ

ਹਰ ਤਰ੍ਹਾਂ ਦੀ ਕਾਨੂੰਨੀ ਸਲਾਹ ਲੈਣ ਅਤੇ ਡਾਕੂਮੈਂਟ ਬਣਾਉਣ ਲਈ ਸੰਪਰਕ ਕਰੋ

ਮੋਬਾ. 98156-13664

ਹੋਲੇ ਮਹੱਲੇ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ ਲੱਖ ਵਧਾਈਆਂ

ਮਹਾਰਾਜਾ ਗੈਸ ਸਰਵਿਸ ਗੋਇੰਦਵਾਲ ਸਾਹਿਬ

Indane

ਸਤਿਕਾਰਯੋਗ ਗ੍ਰਾਹਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬੇਹਤਰ ਸਹੂਲਤ ਅਤੇ ਵਧੀਆ ਗੈਸ ਸਪਲਾਈ ਲੈਣ ਲਈ ਆਨ ਲਾਈਨ ਨੰ. 77189-55555 ਤੇ IOC ਲਿਖ ਕੇ ਅਤੇ ਵਟਸਅੱਪ ਨੰ. 75888-88824 'ਤੇ Refill ਲਿਖ ਕੇ ਮੈਸੇਜ ਕਰਕੇ ਬੁਕਿੰਗ ਜ਼ਰੂਰ ਕਰਵਾਓ

ਸਵਰਗਵਾਸੀ ਅਮਰਜੀਤ ਸਿੰਘ | ਸ. ਅਮਰਿੰਦਰ ਸਿੰਘ ਸੰਨ੍ਹੀ

ਸੰਪਰਕ 97811-66641, 97813-66641

ਜਾਰੀ ਕਰਤਾ : ਕਾਬਲ ਸਿੰਘ ਮੱਲ੍ਹੀ ਮੈਨੇਜਰ

ਹੋਲੇ ਮਹੱਲੇ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ ਲੱਖ ਵਧਾਈਆਂ

ਬਾਬਾ ਬਿਸ਼ਨ ਸਿੰਘ ਕੀਰਤਨ ਸਿੰਘ ਮੈਮੋਰੀਅਲ ਸਕੂਲ ਢੋਟਾ (ਤਰਨ ਤਾਰਨ)

ਮਾਨਤਾ ਪ੍ਰਾਪਤ ਨੰ. (97)1185

ਇਲਾਕੇ ਦੇ ਸਕੂਲਾਂ ਨਾਲੋਂ ਘੱਟ ਖਰਚ ਵੱਧ ਮਿਹਨਤ, ਤਜਰਬੇਕਾਰ ਮਿਹਨਤੀ ਸਟਾਫ਼, ਪੈਨਸਲ, ਰਬੜ ਸ਼ਾਪਨਰ ਫਰੀ

ਬਾਬਾ ਬਿਸ਼ਨ ਸਿੰਘ | ਚੇਅਰਮੈਨ ਬਾਬਾ ਇੰਦਰਜੀਤ ਸਿੰਘ

ਕੀਰਤਨ ਫਰੀ ਸਿਖਾਇਆ ਜਾਂਦਾ ਹੈ।

ਜਾਰੀ ਕਰਤਾ : ਪ੍ਰਿੰਸੀਪਲ ਡੀ ਕੇ ਰੰਧਾਵਾ

ਹੋਲੇ ਮਹੱਲੇ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ ਲੱਖ ਵਧਾਈਆਂ

ਵੱਲੋਂ : ਸੇਵਕਪਾਲ ਸਿੰਘ ਝੰਡੇਰ ਡਾਇਰੈਕਟਰ ਜਲ ਸਪਲਾਈ ਅਤੇ ਸੀਵਰੇਜ ਬੋਰਡ ਮੋਬਾ. 86996-66006

ਅਰਵਿੰਦ ਕੇਜਰੀਵਾਲ ਮੁੱਖ ਮੰਤਰੀ ਦਿੱਲੀ | ਸੇਵਕਪਾਲ ਸਿੰਘ ਝੰਡੇਰ ਡਾਇਰੈਕਟਰ ਸੀਵਰੇਜ ਬੋਰਡ

ਗੋਲਡੀ ਫੋਟੋ ਸਟੇਟ, ਗੋਇੰਦਵਾਲ ਸਾਹਿਬ

ਇੱਥੇ ਫਾਰਮ ਭਰਵਾਉਣ ਅਤੇ ਫੋਟੋ ਸਟੇਟ ਕਰਾਉਣ ਲਈ ਸੰਪਰਕ ਕਰੋ।

ਗੁਰਵਿੰਦਰ ਸਿੰਘ ਗੋਲਡੀ

98769-04814

ਮੁਖਤਿਆਰ ਸਿੰਘ, ਪਰਮਜੀਤ ਕੌਰ, ਲਖਵਿੰਦਰ ਕੌਰ, ਵਰਿੰਦਰ ਕੌਰ, ਦਰਸ਼ਨ ਕੌਰ, ਪਿਆਰਾ ਸਿੰਘ, ਲਾਲ ਸਿੰਘ ਬਲਦੇਵ ਸਿੰਘ ਸਾਰੇ ਮੈਂਬਰ ਪੰਚਾਇਤ

ਰਮਨਜੀਤ ਸਿੰਘ ਸਿੱਕੀ ਸਾਬਕਾ ਵਿਧਾਇਕ | ਜਗਰੂਪ ਸਿੰਘ ਸੰਧੂ ਸਰਪੰਚ

ਹੋਲੇ ਮਹੱਲੇ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ ਲੱਖ ਵਧਾਈਆਂ

ਜਗਰੂਪ ਸਿੰਘ ਵਿਰਕ

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਖਵਾਸਪੁਰ

ਹੋਲੇ ਮਹੱਲੇ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ ਲੱਖ ਵਧਾਈਆਂ

ਦਾਸ ਮੋਟਰਜ਼

ਮਾਰੂਤੀ ਦੇ ਆਥੋਰਾਈਜ਼ਡ ਸਰਵਿਸ ਸਟੇਸ਼ਨ : ਇੱਥੇ ਹਰ ਤਰ੍ਹਾਂ ਦੀਆਂ ਗੱਡੀਆਂ ਦੀ ਸਰਵਿਸ ਅਤੇ ਰਿਪੇਅਰ ਤਸੱਲੀਬਖ਼ਸ਼ ਕੀਤੀ ਜਾਂਦੀ ਹੈ।

ਫੋਨ. 98556-87121

ਗੁਰਜੀਤ ਸਿੰਘ ਸੋਨੀ

ਬਨੇਗਾ ਟੀਮ ਨੇ ਪੈਦਲ ਮਾਰਚ ਕੱਢ ਕੇ ਸ਼ਹੀਦਾਂ ਨੂੰ ਕੀਤੀ ਸ਼ਰਧਾਂਜਲੀ ਭੇਟ

ਫਾਜ਼ਿਲਕਾ (ਕ੍ਰਿਸ਼ਨ ਸਿੰਘ)

ਸਰਬ ਭਾਰਤ ਨੌਜਵਾਨ ਸਭਾ, ਆਲ ਇੰਡੀਆ ਸਟੂਡੈਂਟ ਫੈਡਰੇਸ਼ਨ, ਰੁਜ਼ਗਾਰ ਪ੍ਰਾਪਤੀ ਮੁਹਿੰਮ ਤੇ ਬਨੇਗਾ ਟੀਮ ਨੇ ਪੈਦਲ ਮਾਰਚ ਕੱਢ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਹ ਪੈਦਲ ਮਾਰਚ ਸ਼ਹੀਦ ਊਧਮ ਸਿੰਘ ਪਾਰਕ ਤੋਂ ਸ਼ੁਰੂ ਹੋ ਕੇ ਸ਼ਹਿਰ ਦੇ ਮੇਨ ਬਜ਼ਾਰ ਵਿੱਚੋਂ ਹੁੰਦਿਆਂ ਸ਼ਹਿਰ ਦੇ ਦਿਲ ਘੰਟਾ ਘਰ ਤੱਕ ਕੱਢਿਆ ਗਿਆ, ਜਿੱਥੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸ਼ਰਧਾਂਜਲੀ ਭੇਟ ਕੀਤੀ।

ਇਸ ਮੌਕੇ ਸਰਬ ਭਾਰਤ ਨੌਜਵਾਨ ਸਭਾ ਫਾਜ਼ਿਲਕਾ ਦੇ ਜ਼ਿਲ੍ਹਾ ਸਕੱਤਰ ਸੁਬੇਗ ਝੰਗੜ ਭੈਣੀ, ਸਾਬਕਾ ਆਗੂ ਖਰੈਤ ਬੱਘੇਕਾ, ਸੀਨੀਅਰ ਆਗੂ ਗੁਰਦਿਆਲ ਸਿੰਘ ਤੇ ਕੁਲਦੀਪ ਬੱਖੂਸ਼ਾਹ ਨੇ ਕਿਹਾ ਕਿ ਪਰਮਗੁਣੀ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੇ ਦੇਸ਼ ਨੂੰ ਸਮਾਜਿਕ, ਆਰਥਿਕ ਤੇ ਰਾਜਨੀਤਕ ਬਰਾਬਰੀ ਲਈ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਵਿੱਚ ਸ਼ਹਾਦਤ ਦਾ ਜਾਮ ਪੀਤਾ ਸੀ, ਪਰ ਆਜ਼ਾਦੀ ਤੋਂ ਬਾਅਦ ਸਮੇਂ ਸਮੇਂ ਦੀਆਂ ਸਰਕਾਰਾਂ ਨੇ ਉਨ੍ਹਾਂ ਦੇ ਸੁਪਨਿਆਂ ਦਾ ਦੇਸ਼ ਸਿਰਜਣ ਦਾ ਸਹੀ ਉਪਰਾਲਾ ਨਹੀਂ ਕੀਤਾ। ਕੇਵਲ ਤੇ ਕੇਵਲ ਸਰਮਾਏਦਾਰਾਂ ਦੀ ਕਠਪੁਤਲੀ ਬਣ ਕੇ ਉਨ੍ਹਾਂ ਦੇ ਹੱਕਾਂ ਵਿੱਚ ਭੁਗਤਣ ਦਾ ਕੰਮ ਕੀਤਾ ਹੈ। ਜਦ ਕਿ ਭਗਤ ਸਿੰਘ ਦਾ ਸੁਪਨਾ ਸਮੁੱਚੇ ਸਮਾਜ ਦੇ ਹਰੇਕ ਵਰਗ ਲਈ ਬਰਾਬਰ ਦੇ ਰੁਜ਼ਗਾਰ, ਸਿਹਤ ਸਹੂਲਤ, ਵਿੱਦਿਆ ਤੇ ਮੁੱਢਲੀਆਂ ਬਨਿਆਦੀ ਸਹੂਲਤਾਂ ਸਿਰਜਣ ਦਾ ਸੁਪਨਾ ਸੀ। ਉਨ੍ਹਾਂ ਕਿਹਾ ਕਿ ਇਸ ਮੌਕੇ ਰੁਜ਼ਗਾਰ ਪ੍ਰਾਪਤੀ ਮੁਹਿੰਮ ਵੱਲੋਂ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਨ ਤੇ ਸਮਰਪਤ ਪੈਦਲ ਮਾਰਚ ਕਰਕੇ ਘੰਟਾ ਘਰ ਚੌਕ ਵਿਖੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਭਗਤ ਸਿੰਘ ਮੁਤਾਬਿਕ ਕੰਮ ਦਿਹਾੜੀ ਸਮਾਂ ਕਾਨੂੰਨ ਦੁਆਰਾ ਘੱਟ ਕਰਕੇ ਬੇਰੁਜ਼ਗਾਰੀ ਦੀ ਸਮੱਸਿਆ ਦਾ ਹੱਲ ਕੀਤਾ ਜਾ ਸਕਦਾ ਹੈ। ਉਹ ਕੇਂਦਰ ਸਰਕਾਰ ਤੋਂ ਮੰਗ ਕਰਦੇ ਹਨ ਕਿ ਭਗਤ ਸਿੰਘ ਦੇ ਨਾਂਅ 'ਤੇ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ (ਬਨੇਗਾ) ਦੇਸ਼ ਦੀ ਪਾਰਲੀਮੈਂਟ ਵਿੱਚ ਪਾਸ ਕੀਤਾ ਜਾਵੇ। ਨਾਲ ਹੀ ਆਗੂਆਂ ਨੇ ਕਿਹਾ ਕਿ ਸਿਵਲ ਹਸਪਤਾਲ ਫਾਜ਼ਿਲਕਾ ਨੇੜੇ ਸੈਣੀਆਂ ਰੋਡ ਵਾਲੇ ਚੌਕ ਦਾ ਨਾਮ ਭਗਤ ਸਿੰਘ, ਰਾਜਗੁਰੂ, ਸੁਖਦੇਵ ਚੌਕ ਰੱਖਿਆ ਜਾਵੇ ਤੇ ਤਿੰਨਾਂ ਸ਼ਹੀਦਾਂ ਦੀ ਇੱਕ ਸਾਂਝੀ ਮੂਰਤੀ ਸਥਾਪਤ ਕੀਤੀ ਜਾਵੇ।

ਇਸ ਮੌਕੇ ਉਕਤ ਆਗੂਆਂ ਤੋਂ ਇਲਾਵਾ ਤੇਜਾ ਰੋਹੇਲਾ ਦੇ ਪ੍ਰਧਾਨ ਸੀਤਾ ਸਿੰਘ, ਸਕੱਤਰ ਹਰਜਿੰਦਰ ਸਿੰਘ ਵਿਦਿਆਰਥੀ ਆਗੂ ਨੀਰਜ ਫਾਜ਼ਿਲਕਾ, ਝੰਗੜ ਭੈਣੀ ਦੇ ਪ੍ਰਧਾਨ ਸੁਨੀਲ ਸਿੰਘ, ਹਸਤਾ ਕਲਾਂ ਦੇ ਸਕੱਤਰ ਰਾਜਨ, ਪਿੰਡ ਨਿਓਲਾਂ ਦੇ ਪ੍ਰਧਾਨ ਰਾਜਵਿੰਦਰ ਸਿੰਘ, ਅਰਜੁਨ ਪ੍ਰਧਾਨ ਪੱਕਾ ਚਿਸਤੀ, ਸੋਨੂ ਸਿੰਘ ਪ੍ਰਧਾਨ ਨੂਰਨ, ਸੁਖਵਿੰਦਰ ਸਿੰਘ ਪ੍ਰਧਾਨ ਚੂੜੀ ਵਾਲਾ ਚਿਸਤੀ, ਗੁਰਬਚਨ ਸਿੰਘ ਪ੍ਰਧਾਨ ਸੈਦੋ ਕਾ ਹਿਠਾੜ, ਹਰਮਨ ਦੋਨਾ ਨਾਨਕਾ ਲਖਵਿੰਦਰ ਤੇ ਸਾਗਰ ਆਸਫ ਵਾਲਾ ਆਦਿ ਨੇ ਸ਼ਰਧਾਂਜਲੀ ਭੇਟ ਕੀਤੀ।

ਏਜੰਸੀਆਂ ਨੂੰ ਵਿਰੋਧੀਆਂ ਖਿਲਾਫ਼ ਹਥਿਆਰ ਵਾਂਗ ਵਰਤ ਰਹੀ ਭਾਜਪਾ ਸਰਕਾਰ : ਚੱਠਾ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਪੰਜਾਬ ਵੇਅਰ ਹਾਊਸਿੰਗ ਅਤੇ ਕੰਨਟੇਨਰ ਕਾਰਪੋਰੇਸ਼ਨ ਦੇ ਚੇਅਰਮੈਨ ਸਤਿੰਦਰ ਸਿੰਘ ਚੱਠਾ ਨੇ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਦੁਆਰਾ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਦੇ ਤਾਨਾਸ਼ਾਹੀ ਰਵੱਈਏ ਦੀ ਸਖਤ ਆਲੋਚਨਾ ਕਰਦਿਆਂ ਕਿਹਾ ਕਿ ਦਿੱਲੀ ਦੇ ਮੌਜੂਦਾ ਮੁੱਖ ਮੰਤਰੀ ਨੂੰ ਈ ਡੀ (ਭਾਜਪਾ ਦੀ ਰਾਜਨੀਤਿਕ ਟੀਮ) ਨੇ ਉਕਤ ਮਾਮਲੇ ਵਿੱਚ ਕੋਈ ਚਾਰਜਸ਼ੀਟ ਜਾਂ ਕੋਈ ਸਬੂਤ ਪੇਸ਼ ਕੀਤੇ ਬਿਨਾਂ ਗ੍ਰਿਫਤਾਰ ਕਰ ਲਿਆ ਹੈ। ਉਨ੍ਹਾਂ ਇਸ ਨੂੰ ਲੋਕਤੰਤਰ ਦਾ ਕਤਲ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਇਹ ਸਥਿਤੀ ਪਿਛਲੇ ਕਈ ਸਾਲਾਂ ਤੋਂ ਬਣੀ ਹੋਈ ਹੈ। ਏਜੰਸੀਆਂ ਨੂੰ ਹਥਿਆਰ ਵਜੋਂ ਵਰਤਿਆ ਜਾ ਰਿਹਾ ਹੈ। ਜੇਕਰ ਕੋਈ ਵਿਰੋਧੀ ਧਿਰ ਦਾ ਨੇਤਾ ਭਾਜਪਾ ਦੇ ਅੱਤਿਆਚਾਰਾਂ ਵਿਰੁੱਧ ਬੋਲਦਾ ਹੈ ਤਾਂ ਈ ਡੀ, ਸੀ ਬੀ ਆਈ ਅਤੇ ਇਨਕਮ ਟੈਕਸ ਵਿਭਾਗ ਉਸ ਦੇ ਘਰ ਆ ਜਾਂਦਾ ਹੈ। ਦੇਸ਼ ਦੀ ਮੌਜੂਦਾ ਸਥਿਤੀ ਅਣਐਲਾਨੀ ਐਮਰਜੈਂਸੀ ਵਰਗੀ ਹੈ। ਇੱਕ ਵਿਅਕਤੀ ਨੇ ਦਿੱਲੀ ਵਿੱਚ ਸਿਹਤ ਕ੍ਰਾਂਤੀ ਲਿਆਂਦੀ ਹੈ ਅਤੇ ਛੋਟੀਆਂ ਦਵਾਈਆਂ ਤੋਂ ਲੈ ਕੇ ਵੱਡੇ ਟੈਸਟਾਂ ਤੱਕ ਸਭ ਕੁਝ ਮੁਫਤ ਹੈ ਅਤੇ ਜਿਸ ਵਿਅਕਤੀ ਨੇ ਉਨ੍ਹਾਂ ਹਸਪਤਾਲਾਂ ਅਤੇ ਕਲੀਨਿਕਾਂ ਨੂੰ ਬਣਾਇਆ ਉਹ ਇਸ ਸਮੇਂ ਜੇਲ੍ਹ ਵਿੱਚ ਹੈ। ਉਨ੍ਹਾਂ ਕਿਹਾ ਕਿ ਕੰਮ ਦੀ ਰਾਜਨੀਤੀ ਕਰਨ ਵਾਲੀ ਪੰਜਾਬ ਦੀ ਆਪ ਸਰਕਾਰ ਨੇ 2 ਸਾਲਾਂ ਵਿੱਚ 829 ਆਮ ਆਦਮੀ ਕਲੀਨਿਕ ਬਣਾਏ, 1.25 ਕਰੋੜ ਤੋਂ ਵੱਧ ਲੋਕਾਂ ਦਾ ਇਲਾਜ ਕੀਤਾ ਗਿਆ। ਆਮ ਆਦਮੀ ਕਲੀਨਿਕਾਂ ਨੂੰ ਬੰਦ ਕਰਨ ਲਈ ਨੈਸ਼ਨਲ ਹੈਲਥ ਮਿਸ਼ਨ ਦੇ ਫੰਡ ਰੋਕ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਕੇਜਰੀਵਾਲ ਦੇ ਨਾਲ ਚਟਾਨ ਵਾਂਗ ਖੜ੍ਹੀ ਹੈ। ਅਰਵਿੰਦ ਕੇਜਰੀਵਾਲ ਸਿਰਫ ਇੱਕ ਵਿਅਕਤੀ ਨਹੀਂ ਸਗੋਂ ਇੱਕ ਸੋਚ ਹੈ, ਤੁਸੀਂ ਇਸ ਨੂੰ ਕਿਵੇਂ ਰੋਕੋਗੇ?

ਦੇਸ਼ ਭਗਤਾਂ ਦੇ ਸੁਪਨਿਆਂ ਦਾ ਭਾਰਤ ਬਣਾਉਣ ਦਾ ਹਰੇਕ ਭਾਰਤੀ ਸੰਕਲਪ ਲਵੇ : ਵਿਜੇ ਧੀਰ/ਡਾਕਟਰ ਜੈਦਕਾ

ਮੋਗਾ (ਇਕਬਾਲ ਸਿੰਘ ਖਹਿਰਾ)-23 ਮਾਰਚ 1931 ਨੂੰ ਅੱਜ ਦੇ ਦਿਨ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਸ਼ਹਾਦਤ ਦੇਣ ਵਾਲੇ ਸ਼ਹੀਦਾਂ ਦੇ ਮਹਾਂ ਨਾਇਕਾਂ ਸ਼ਹੀਦੇ-ਆਜ਼ਮ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਥਾਪਰ ਨੂੰ ਲਾਹੌਰ ਦੀ ਜੇਲ੍ਹ ਵਿੱਚ ਫਾਂਸੀ ਦੇ ਦਿੱਤੀ ਗਈ ਸੀ ਤੇ ਉਨ੍ਹਾਂ ਦਾ ਸੰਸਕਾਰ ਫਿਰੋਜ਼ਪੁਰ ਵਿਖੇ ਸਤਲੁਜ ਨਦੀ ਕੰਢੇ ਹੁਸੈਨੀਵਾਲਾ ਵਿਖੇ ਕੀਤਾ ਗਿਆ ਸੀ। ਇਨ੍ਹਾਂ ਅਮਰ ਸ਼ਹੀਦਾਂ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਉਨ੍ਹਾਂ ਦੇ ਸ਼ਹੀਦੀ ਦਿਵਸ ਮੌਕੇ ਖੱਤਰੀ ਸਭਾ ਨੇ ਖੱਤਰੀ ਭਵਨ ਵਿੱਚ ਇੱਕ ਸ਼ਰਧਾਂਜਲੀ ਸਮਾਗਮ ਕੀਤਾ ਅਤੇ

25-MAR-PAGE-13.qxd 3/24/2024 10:11 PM Page 1

ਸੀ ਪੀ ਆਈ ਮਾਲੇ ਵਲੋਂ ਸ਼ਹੀਦਾਂ ਦੇ ਸੁਪਨੇ ਸਾਕਾਰ ਕਰਨ ਲਈ ਇਨਕਲਾਬੀ ਬਦਲ ਉਸਾਰਨ ਦਾ ਸੱਦਾ

ਨਵਾਂਸ਼ਹਿਰ, ਬੰਗਾ (ਅਵਤਾਰ ਕਲੇਰ, ਕੁਲਵਿੰਦਰ ਸਿੰਘ ਦੁਰਗਾਪੁਰੀਆ)- ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ ਲੈਨਿਨਵਾਦੀ) ਨਿਊਡੈਮੋਕ੍ਰੇਸੀ ਵਲੋਂ ਖਟਕੜ ਕਲਾਂ ਵਿਖੇ ਸਿਆਸੀ ਕਾਨਫਰੰਸ ਕਰਕੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਇਸ ਮੌਕੇ ਪਾਰਟੀ ਦੀ ਪੰਜਾਬ ਇਕਾਈ ਦੇ ਸੀਨੀਅਰ ਆਗੂ ਦਰਸ਼ਨ ਖੱਟਕੜ ਨੇ ਕਿਹਾ ਲੋਕ ਲਹਿਰਾਂ ਅੱਗੇ ਵੱਡੀਆਂ ਵੱਡੀਆਂ ਜਾਬਰ ਹਕੂਮਤਾਂ ਰੇਤ ਦੀ ਕੰਧ ਦੀ ਤਰ੍ਹਾਂ ਧਾਰਾਸ਼ਾਹੀ ਹੋ ਗਈਆਂ। ਭਾਰਤੀ ਲੋਕਾਂ ਦੀ ਮਿਹਨਤ ਸ਼ਕਤੀ ਅਤੇ ਦੇਸ਼ ਦੀ ਸੰਪਤੀ ਦੀ ਲੁੱਟ ਕਰ ਰਹੇ ਦੇਸੀ ਵਿਦੇਸ਼ੀ ਕਾਰਪੋਰੇਟ ਭਾਰਤੀ ਲੋਕ ਲਹਿਰਾਂ ਅੱਗੇ ਟਿਕ ਨਹੀਂ ਸਕਦੇ ਭਾਵੇਂ ਮੋਦੀ ਸਰਕਾਰ ਇਨ੍ਹਾਂ ਦੀ ਉਮਰ ਲੰਬੀ ਕਰਨ ਲਈ ਦੇਸ਼ ਵਾਸੀਆਂ ਨੂੰ ਗੁੰਮਰਾਹ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੂੰਜੀਵਾਦ ਦਾ ਗਹਿਰਾ ਸੰਕਟ ਇਨਕਲਾਬਾਂ ਨੂੰ ਵੀ ਜਨਮ ਦੇ ਸਕਦਾ ਹੈ। ਯੂਰਪ ਦੇ ਸਾਮਰਾਜੀ ਦੇਸ਼ਾਂ ਵਿਚ ਕਿਸਾਨਾਂ ਮਜ਼ਦੂਰਾਂ ਅਤੇ ਮੁਲਾਜ਼ਮਾਂ ਦੇ ਵੱਡੇ ਵੱਡੇ ਘੋਲ ਫੁੱਟ ਰਹੇ ਹਨ। ਉਨ੍ਹਾਂ ਕਿਹਾ ਕਿ ਕਾਰੋਬਾਰੀਆਂ ਵਲੋਂ ਖ਼ੀਦੇ ਗਏ ਇਲੈਕਟਰੋਲ ਬਾਂਡਾਂ ਨੇ ਸਾਰੀਆਂ ਹਾਕਮ ਜਮਾਤੀ ਪਾਰਟੀਆਂ ਦੇ ਚਿਹਰਿਆਂ ਤੋਂ ਨਕਾਬ ਉਤਾਰ ਕੇ ਇਨ੍ਹਾਂ ਕਾਰੋਬਾਰੀਆਂ ਅਤੇ ਸਿਆਸੀ ਪਾਰਟੀਆਂ ਦੇ ਅਸਲ ਰਿਸ਼ਤਿਆਂ ਦਾ ਸੱਚ ਦੇਸ਼ ਵਾਸੀਆਂ ਸਾਹਮਣੇ ਨੰਗਾ ਕਰ ਦਿੱਤਾ ਹੈ। ਪਾਰਟੀ ਦੇ ਜ਼ਿਲ੍ਹਾ ਆਗੂ ਕੁਲਵਿੰਦਰ ਸਿੰਘ ਵੜੈਚ, ਦਲਜੀਤ ਸਿੰਘ ਐਡਵੋਕੇਟ, ਗੁਰਬਖਸ਼ ਕੌਰ ਸੰਘਾ, ਹਰੀ ਰਾਮ ਰਸੂਲਪੁਰੀ, ਕਮਲਜੀਤ ਸਨਾਵਾ ਨੇ ਕਿਹਾ ਕਿ ਦੇਸ਼ ਦੇ ਨੇਤਾਵਾਂ ਦੇ ਚਿਹਰੇ ਬਦਲਣ ਨਾਲ ਦੇਸ਼ ਦੀਆਂ ਸਮੱਸਿਆਵਾਂ ਹੱਲ ਨਹੀਂ ਹੋ ਸਕਦੀਆਂ। ਸ਼ਹੀਦ ਭਗਤ ਸਿੰਘ ਦੀ ਸੋਚ ਅਨੁਸਾਰ ਭਾਰਤ ਵਿਚੋਂ ਸਾਮਰਾਜੀਆਂ ਦੀ ਦਖਲਅੰਦਾਜ਼ੀ ਪੂਰੀ ਤਰ੍ਹਾਂ ਖਤਮ ਕਰਨੀ ਹੋਵੇਗੀ। ਮੋਦੀ ਸਰਕਾਰ ਸ਼ਹੀਦਾਂ ਦੇ ਸੁਪਨਿਆਂ ਨੂੰ ਰੋਲਣ ਦਾ ਕੰਮ ਕਰ ਰਹੀ ਹੈ। ਮੋਦੀ ਸਰਕਾਰ ਈ ਡੀ ਅਤੇ ਸੀ ਬੀ ਆਈ ਦੀ ਵਰਤੋਂ ਕਰਕੇ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਜੇਲ੍ਹਾਂ ਵਿਚ ਸੁੱਟ ਰਹੀ ਹੈ ਅਤੇ ਮਜ਼ਦੂਰਾਂ, ਕਿਸਾਨਾਂ ਅਤੇ ਮੁਲਾਜ਼ਮਾਂ ਦੇ ਸੰਘਰਸ਼ਾਂ ਨੂੰ ਜਬਰ ਦੇ ਸਹਾਰੇ ਦਬਾਉਣ ਲਈ ਯਤਨਸ਼ੀਲ ਹੈ। ਆਗੂਆਂ ਨੇ ਕਿਹਾ ਕਿ ਮਾਨ ਸਰਕਾਰ ਵਿੰਦਿਆ ਦੇ ਚਾਨਣ ਦੀ ਥਾਂ ਹਨੇਰਾ ਫੈਲਾਅ ਰਹੀ ਹੈ ਇਸ ਮੌਕੇ ਏਕਤਾ ਕਲਾ ਮੰਚ ਲਸਾੜਾ ਵਲੋਂ ਨਾਟਕ ਅਤੇ ਕੋਰੀਓਗ੍ਰਾਫੀਆਂ ਪੇਸ਼ ਕੀਤੀਆਂ ਗਈਆਂ ।

ਰੈੱਡ ਕਰਾਸ ਵੱਲੋਂ ਲਗਾਏ ਗਏ ਫਸਟ ਏਡ ਪੋਸਟ : ਡਾ. ਪ੍ਰੀਤੀ ਯਾਦਵ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ) ਰੈੱਡ ਕਰਾਸ ਰੂਪਨਗਰ ਵੱਲੋਂ ਸਟੇਟ ਰੈੱਡ ਕਰਾਸ ਚੰਡੀਗੜ੍ਹ ਦੇ ਸਹਿਯੋਗ ਨਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲਾ ਮਹੱਲੇ ਦੌਰਾਨ ਸੰਗਤਾਂ ਦੀ ਸਹੂਲਤ ਲਈ ਵੱਖ ਵੱਖ ਥਾਵਾਂ 'ਤੇ ਵੱਖ ਵੱਖ ਜਿਲ੍ਹਿਆਂ ਵੱਲੋਂ ਫਸਟ ਏਡ ਪੋਸਟਾ ਲਗਾਈਆਂ ਗਈਆਂ ਹਨ। ਜਿਥੇ ਰੈੱਡ ਕਰਾਸ ਰੂਪਨਗਰ, ਨੈਸ਼ਨਲ ਹੈੱਡਕੁਆਰਟਰ ਦਿੱਲੀ ਅਤੇ ਵੱਖ ਵੱਖ ਜਿਲ੍ਹਿਆਂ ਤੋ ਆਏ 100 ਵਲੰਟੀਅਰਾਂ ਵਲੋਂ ਸੇਵਾ ਨਿਭਾਈ ਜਾ ਰਹੀ ਹੈ। ਡਿਪਟੀ ਕਮਿਸ਼ਨਰ ਡਾ.ਪ੍ਰੀਤੀ ਯਾਦਵ ਨੇ ਦੱਸਿਆ ਕਿ ਸ਼ਰਧਾਲੂਆਂ ਦੀ ਸਹੂਲਤ ਲਈ ਸਾਰੇ ਪ੍ਰਬੰਧ ਕੀਤੇ ਹੋਏ ਹਨ। ਸੰਗਤਾਂ ਨੂੰ ਹਰ ਤਰਾਂ ਦੀ ਸਹੂਲਤ ਉਪਲੱਬਧ ਕਰਵਾਈ ਜਾ ਰਹੀ ਹੈ, ਫਸਟ ਏਡ ਪੋਸਟ ਮੇਲਾ ਖੇਤਰ ਵਿਚ ਲਗਾਏ ਗਏ ਹਨ, ਜਿੱਥੇ ਵਲੰਟੀਅਰ ਸੇਵਾ ਦੀ ਭਾਵਨਾ ਨਾਲ ਕੰਮ ਕਰ ਰਹੇ ਹਨ।

ਡੇਰਾ ਬਾਬਾ ਮਸਤ ਪ੍ਰਕਾਸ਼ ਨੂੰ ਸਮਰਪਤ ਛਿੰਝ ਮੇਲਾ 30 ਨੂੰ

ਬਿਲਗਾ (ਵਿਜੇ ਕੁਮਾਰ)- ਨਗਰ ਬਿਲਗਾ ਵਿਖੇ ਧੰਨ ਧੰਨ ਡੇਰਾ ਬਾਬਾ ਮਸਤ ਪ੍ਰਕਾਸ਼ ਜੀ ਨੂੰ ਸਮਰਪਤ ਛਿੰਝ ਮੇਲਾ 30 ਮਾਰਚ ਨੂੰ ਦੁਪਹਿਰ 3 ਵਜੇ ਕਰਵਾਇਆ ਜਾ ਰਿਹਾ ਹੈ। ਛਿੰਝ ਕਮੇਟੀ ਵੱਲੋਂ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਪੁਸ਼ਪਿੰਦਰ ਕੁਮਾਰ ਜੋਸ਼ੀ 'ਪਟਵਾਰੀ' ਨੇ ਦੱਸਿਆ ਕਿ ਇਹ ਛਿੰਝ ਮੇਲਾ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਧੰਨ ਧੰਨ ਬਾਬਾ ਭਾਈ ਆਊਧੂ ਜੀ ਦੇ ਅਸਥਾਨ ਔਜਲਾ ਰੋਡ ਬਿਲਗਾ ਵਿਖੇ ਬੜੀ ਧੂਮਧਾਮ ਨਾਲ ਮਨਾਇਆ ਜਾਵੇਗਾ। ਪਹਿਲੀ ਪਟਕੇ ਦੀ ਕੁਸ਼ਤੀ ਪਹਿਲਵਾਨ ਮੇਜਰ ਡੇਰਾ ਬਾਬਾ ਨਾਨਕ ਅਤੇ ਕਾਲੂ ਬਾਹੜੋਵਾਲ ਵਿਚਕਾਰ ਕਰਵਾਈ ਜਾਵੇਗੀ ਜਿਸ ਵਿੱਚ ਜੇਤੂ ਪਹਿਲਵਾਨ ਨੂੰ ਪਹਿਲਾ ਇਨਾਮ ਹਰਪ੍ਰੀਤ ਸਿੰਘ ਵੱਲੋਂ ਅਪਣੇ ਵੱਡੇ ਭਰਾ ਸਵ: ਪ੍ਰਦੀਪ ਸਿੰਘ ਸੰਘੇੜਾ ਦੀ ਯਾਦ ਵਿੱਚ ਪਲੈਟੀਨਾ ਮੋਟਰਸਾਈਕਲ ਦਿੱਤਾ ਜਾਵੇਗਾ ਅਤੇ ਪਟਕੇ ਦੀ ਦੂਸਰੀ ਕੁਸ਼ਤੀ ਹਰਮਨ ਆਲਮਗੀਰ ਅਤੇ ਛੋਟਾ ਜੱਸਾ ਬਾਹੜੋਵਾਲ ਵਿਚਕਾਰ ਕਰਵਾਈ ਜਾਵੇਗੀ ਜਿਸ ਵਿੱਚ ਜੇਤੂ ਪਹਿਲਵਾਨ ਨੂੰ ਗੁਰਮੀਤ ਸਿੰਘ ਸੰਘੇੜਾ ਕਨੇਡਾ ਵੱਲੋਂ ਆਪਣੇ ਪਿਤਾ ਸਵ: ਅਜੀਤ ਸਿੰਘ 'ਜੰਪ' ਦੀ ਯਾਦ ਵਿੱਚ ਪਲੈਟੀਨਾ ਮੋਟਰਸਾਈਕਲ ਇਨਾਮ ਵਜੋਂ ਦਿੱਤਾ ਜਾਏਗਾ ਅਤੇ ਬਾਕੀ ਜੇਤੂ ਪਹਿਲਵਾਨਾਂ ਨੂੰ ਵੀ ਵਾਜਬ ਨਗਦ ਇਨਾਮ ਦਿੱਤੇ ਜਾਣਗੇ। ਪਿੰਡ ਨਿਵਾਸੀਆਂ ਅਤੇ ਐਨ ਆਰ ਆਈ ਵੀਰਾਂ ਦੇ ਭਰਪੂਰ ਸਹਿਯੋਗ ਨਾਲ ਛਿੰਝ ਕਮੇਟੀ ਵੱਲੋਂ ਇਹ ਮੇਲਾ ਨਗਰ ਖੇੜੇ ਦੀ ਸੁੱਖ ਸ਼ਾਂਤੀ ਅਤੇ ਖੁਸ਼ਹਾਲੀ ਅਤੇ ਮਾਲ ਡੰਗਰ ਦੀ ਸਿਹਤਯਾਬੀ ਲਈ ਮਨਾਇਆ ਜਾਂਦਾ ਹੈ । ਇਸ ਮੌਕੇ ਐਨ ਆਰ ਆਈ ਵੀਰਾਂ ਸਹਿਯੋਗੀਆਂ ਅਤੇ ਪਤਵੰਤੇ ਸੱਜਣਾਂ ਨੂੰ ਵੀ ਸਨਮਾਨਤ ਕੀਤਾ ਜਾਵੇਗਾ।

ਭੇਟ 'ਮੇਰੀ ਦਾਤੀ ਦੇ ਹੱਥ ਡੋਰ' ਦਾ ਪੋਸਟਰ ਜਾਰੀ

ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੇਬੀ) ਇਟਲੀ ਦੇ ਉੱਘੇ ਮੰਚ ਸੰਚਾਲਕ ਅਤੇ ਪ੍ਰਸਿੱਧ ਭਜਨ ਗਾਇਕ ਰਾਜੂ ਚਮਕੌਰ ਸਾਹਿਬ ਵਾਲੇ ਜਿਨ੍ਹਾਂ ਦੀ 'ਭੇਟ ਮੇਰੀ ਦਾਤੀ ਦੇ ਹੱਥ ਡੋਰ' ਨੂੰ ਦੇਸ਼ ਵਿਦੇਸ਼ 'ਚ ਸਰੋਤਿਆਂ ਵਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਦਾ, ਬੀਤੇ ਦਿਨੀਂ ਇੱਥੇ ਪੋਸਟਰ ਜਾਰੀ ਕੀਤਾ ਗਿਆ। ਰਾਜੂ ਚਮਕੌਰ ਸਾਹਿਬ ਵਾਲੇ ਨੇ ਦੱਸਿਆ ਕਿ ਉਨ੍ਹਾਂ ਨੇ ਪਹਿਲਾ ਵੀ ਕਾਫੀ ਮਾਤਾ ਦੀਆਂ ਭੇਟਾਂ ਗਾਈਆਂ ਹਨ ਅਤੇ ਪਹਿਲਾ ਵਾਂਗ ਹੀ ਇਸ ਭੇਟ ਨੂੰ ਸਰੋਤੇ ਪਿਆਰ ਦੇ ਰਹੇ ਹਨ, ਇਸ ਦੇ ਨਾਲ ਹੀ ਉਨ੍ਹਾਂ ਸਮੁੱਚੀ ਟੀਮ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਦੱਸਿਆ ਕਿ ਪੂਰੇ ਵਿਸ਼ਵ ਭਰ ਵਿੱਚ ਇਸ ਭੇਟ ਨੂੰ ਦਿਵਿਆ ਟੀ ਵੀ ਅਤੇ ਵੈੱਬ ਮਾਧਿਅਮ ਰਾਹੀਂ ਦਿਖਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਭੇਟ ਦਾ ਮਿਊਜ਼ਿਕ ਐਲ ਐਲ ਬੀਟਸ ਦੁਆਰਾ ਕੀਤਾ ਗਿਆ ਹੈ । ਇਸ ਭੇਟ ਦੇ ਬੋਲ ਕਮਲ ਪੂਰੀ ਦੀ ਕਲਮ ਤੋਂ ਲਿਖੇ ਗਏ ਹਨ। ਇਸ ਮੌਕੇ ਪ੍ਰਸਿੱਧ ਗਾਇਕ ਨਛੱਤਰ ਗਿੱਲ, ਅਨਿਲ ਕੁਮਾਰ, ਪ੍ਰਸਿੱਧ ਗਾਇਕਾ ਪ੍ਰੀਤੀ ਗੁਰਾਇਆ, ਰਿਕੂ ਸੈਣੀ, ਪਰਮਜੀਤ ਸਿੰਘ ਪੰਮੀ , ਮੋਹਿਤ ਕੁਮਾਰ ਮੋਤੀ, ਮਾਸਟਰ ਪ੍ਰਦੀਪ ਸੂਦ, ਰਜਿੰਦਰ ਗੁੰਬਰ, ਨਰੇਸ਼ ਚੋਲਟਾ ਅਤੇ ਵਿਨੋਦ ਕੁਮਾਰ ਆਦਿ ਹਾਜ਼ਰ ਸਨ।

ਐੱਨ ਆਰ ਆਈ ਮਧੂ ਚਾਂਦ ਭਗਤੀ ਪ੍ਰਸਾਰ ਐਵਾਰਡ ਨਾਲ ਸਨਮਾਨਤ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)-ਜੇਕਰ ਭਾਰਤ ਦਾ ਹਰ ਨਾਗਰਿਕ ਆਪਣੇ ਦੇਸ਼ ਦੇ ਸ਼ਹੀਦਾਂ ਨੂੰ ਯਾਦ ਕਰੇ ਅਤੇ ਉਨ੍ਹਾਂ ਦੇ ਦਰਸਾਏ ਮਾਰਗ 'ਤੇ ਚੱਲੇ ਤਾਂ ਸ਼ਹੀਦਾਂ ਦੇ ਸੁਪਨਿਆਂ ਦਾ ਭਾਰਤ ਬਣਨ ਵਿੱਚ ਦੇਰ ਨਾ ਲੱਗੇ। ਭ੍ਰਿਸ਼ਟਾਚਾਰ, ਊਚ-ਨੀਚ, ਅਸਮਾਨਤਾ, ਅਮੀਰੀ ਗਰੀਬੀ ਦਾ ਪਾੜਾ, ਬੇਰੋਜ਼ਗਾਰੀ, ਵਿੱਦਿਆ ਦਾ ਭੇਦ ਭਾਵ, ਧਰਮਾਂ ਦਾ ਬੋਲਬਾਲਾ ਤੋਂ ਇਲਾਵਾ ਹੋਰ ਸਮਾਜਿਕ-ਰਾਜਨੀਤਕ ਬੁਰਾਈਆਂ ਖਤਮ ਹੋ ਜਾਣ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਲਾਇਨਜ਼ ਕਲੱਬ ਨੂਰਮਹਿਲ ਡ੍ਰੀਮ ਦੀ ਪ੍ਰਧਾਨ ਲਾਇਨ ਸੋਮਿਨਾਂ ਸੰਧੂ ਨੇ 23 ਮਾਰਚ ਦੇ ਸ਼ਹੀਦਾਂ ਸ. ਭਗਤ ਸਿੰਘ, ਰਾਜਗੁਰੂ, ਸੁਖਦੇਵ ਨੂੰ ਯਾਦ ਕੀਤਾ, ਕਿਹਾ ਕਿ ਦੇਸ਼ ਦੇ ਮਾਣਮੱਤੇ ਸ਼ਹੀਦਾਂ ਨੂੰ ਯਾਦ-ਪ੍ਰਣਾਮ ਕਰਕੇ ਅਤਿਅੰਤ ਮਾਣ ਮਹਿਸੂਸ ਹੁੰਦਾ ਹੈ। ਇਸ ਸਮਾਗਮ ਵਿੱਚ ਐੱਨ.ਆਰ.ਆਈ ਮਧੂ ਚਾਂਦ ਆਪਣੀ ਭੈਣ ਜਯੋਤੀ ਨਾਲ ਬਤੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਈ ਅਤੇ ਉਨ੍ਹਾਂ ਨੇ ਜੋਤ ਪ੍ਰਚੰਡ ਕਰਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਨੰਬਰਦਾਰ ਯੂਨੀਅਨ ਜ਼ਿਲ੍ਹਾ ਜਲੰਧਰ ਅਤੇ ਕਲੱਬ ਦੇ ਚਾਰਟਰ ਪ੍ਰਧਾਨ ਲਾਇਨ ਅਸ਼ੋਕ ਸੰਧੂ ਨੰਬਰਦਾਰ ਨੂਰਮਹਿਲ ਨੇ ਮਧੂ ਚਾਂਦ ਯੂ.ਐਸ.ਏ ਦੀਆਂ ਸੇਵਾਵਾਂ ਦੇ ਮੱਦੇਨਜ਼ਰ "ਭਗਤੀ ਪ੍ਰਸਾਰ ਐਵਾਰਡ" ਨਾਲ ਸਨਮਾਨਤ ਕੀਤਾ। ਸ੍ਰੀਮਤੀ ਚਾਂਦ ਦੇ ਪਤੀ ਹਰੀਸ਼ ਚਾਂਦ ਨੇ ਕਲੱਬ ਦੇ ਸਮੂਹ ਮੈਂਬਰਾਂ ਦਾ ਫੋਨ ਰਾਹੀਂ ਧੰਨਵਾਦ ਕਰਦਿਆਂ ਕਿਹਾ ਕਿ ਕਲੱਬ ਨੇ ਅੱਜ ਦੇ ਪਵਿੱਤਰ ਦਿਨ 'ਤੇ ਸਾਨੂੰ ਨਤਮਸਤਕ ਕਰਵਾ ਕੇ ਸਾਡਾ ਜੀਵਨ ਧੰਨ ਕਰ ਦਿੱਤਾ ਹੈ। ਇਸ ਸ਼ਰਧਾਂਜਲੀ ਪ੍ਰੋਗਰਾਮ ਵਿੱਚ ਕਲੱਬ ਦੀ ਸੈਕੰਡ ਮੀਤ ਪ੍ਰਧਾਨ ਲਾਇਨ ਆਂਚਲ ਸੰਧੂ ਸੋਖਲ, ਪੀ.ਆਰ.ਓ ਲਾਇਨ ਰੋਹਿਤ ਸੰਧੂ, ਕੋਆਰਡੀਨੇਟਰ ਲਾਇਨ ਬਬਿਤਾ ਸੰਧੂ, ਚੇਅਰਪਰਸਨ ਲਾਇਨ ਜਸਪ੍ਰੀਤ ਕੌਰ ਸੰਧੂ ਤੋਂ ਇਲਾਵਾ ਸਮਾਜ ਸੇਵੀ ਸੀਤਾ ਰਾਮ ਸੋਖਲ, ਵਿਸਾਲ ਕੁਮਾਰ, ਅਜੇ ਕੁਮਾਰ, ਸਿਮਰਨ ਸਿੱਧੂ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਨੰਨ੍ਹੇ ਮੁੰਨੇ ਬੱਚਿਆਂ ਵਿੱਚ ਗੁਰਛਾਇਆ ਸੋਖਲ, ਗੁਰਅੰਸ਼ ਸੋਖਲ ਅਤੇ ਸ਼ਿਵਵੰਸ਼ ਸੰਧੂ ਨੇ ਫੁੱਲ ਬਰਸਾ ਕੇ ਦੇਸ਼ ਭਗਤੀ ਦੀ ਅਲਖ ਜਗਾਈ।

ਵਿਸ਼ਾਲ ਸਲੀਬੀ ਯਾਤਰਾ 29 ਨੂੰ

ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)-ਸੇਂਟ ਮੈਰੀਜ ਕੈਥੋਲਿਕ ਚਰਚ ਟਾਂਡਾ ਵਿਖੇ ਮਸੀਹੀ ਸੰਗਤਾਂ ਦੀ ਇੱਕ ਵਿਸ਼ੇਸ਼ ਮੀਟਿੰਗ ਵਿਸ਼ਵ ਸ਼ਾਂਤੀ ਦੀ ਪ੍ਰਾਰਥਨਾ ਨਾਲ ਸ਼ੁਰੂ ਹੋਈ। ਇਸ ਮੀਟਿੰਗ 'ਚ ਚਰਚ ਕਮੇਟੀ ਤੇ ਮਸੀਹੀ ਭਾਈਚਾਰੇ ਵੱਲੋਂ ਟਾਂਡਾ ਵਿਖੇ ਕੱਢੀ ਜਾ ਰਹੀ ਸਲੀਬੀ ਯਾਤਰਾ ਸੰਬੰਧੀ ਵਿਸਥਾਰ ਪੂਰਵਕ ਵਿਚਾਰ ਵਟਾਂਦਰਾ ਕੀਤਾ ਗਿਆ। ਕ੍ਰਿਸਚਨ ਨੈਸਨਲ ਫਰੰਟ ਅਤੇ ਚਰਚ ਪ੍ਰਧਾਨ ਡਾ. ਅਯੂਬ ਮਸੀਹ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ ਵਿੱਚ ਚਰਚ ਦੇ ਫਾਦਰ ਵਰਕੀ ਪੀ.ਡੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਮੀਟਿੰਗ ਉਪਰੰਤ ਪ੍ਰਧਾਨ ਡਾ. ਅਯੂਬ ਮਸੀਹ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 29 ਮਾਰਚ ਨੂੰ ਗੁੱਡ ਫਰਾਈਡੇ ਸੰਬੰਧੀ ਪ੍ਰਭੂ ਯਿਸੂ ਮਸੀਹ ਦੇ ਦੁੱਖਾਂ ਨੂੰ ਯਾਦ ਰੱਖਦੇ ਹੋਏ ਵਿਸ਼ਾਲ ਸਲੀਬੀ ਯਾਤਰਾ ਦਾ ਆਯੋਜਨ ਕੀਤਾ ਜਾਵੇਗਾ। ਇਹ ਯਾਤਰਾ ਸ਼ੁਕਰਵਾਰ ਸਵੇਰੇ 11 ਵਜੇ ਤੋਂ ਸ਼ਹੀਦ ਭਗਤ ਸਿੰਘ ਚੌਕ ਤੋਂ ਸ਼ੁਰੂ ਹੋ ਕੇ ਦੁਪਹਿਰ 2 ਵਜੇ ਤੱਕ ਸਲਾ ਰੋਡ ਚਰਚ ਵਿਖੇ ਸੰਪੰਨ ਹੋਵੇਗੀ। ਪ੍ਰਧਾਨ ਡਾ. ਅਯੂਬ ਮਸੀਹ ਨੇ ਦੱਸਿਆ ਕਿ ਇਸ ਵਿਸ਼ਾਲ ਸਲੀਬੀ ਯਾਤਰਾ 'ਚ ਇਲਾਕੇ ਭਰ 'ਚੋਂ ਮਸੀਹੀ ਸੰਗਤਾਂ ਭਾਗ ਲੈਣਗੀਆਂ। ਮੀਟਿੰਗ ਦੌਰਾਨ ਮਸੀਹੀ ਭਾਈਚਾਰੇ ਨੂੰ ਦਰਪੇਸ਼ ਆ ਰਹੀਆਂ ਵੱਖ ਵੱਖ ਮੁਸ਼ਕਲਾਂ ਸੰਬੰਧੀ ਵੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੀਟਿੰਗ ਬਾਬੂ ਸਿਕੰਦਰ, ਸਿਸਟਰ ਨਿਰਮਲਾ, ਸਿਸਟਰ ਟੈਸਲਿਨ, ਸਿਸਟਰ ਮਾਗਰੇਟ, ਸਿਸਟਰ ਸੋਨੀਆ ਤੋਂ ਇਲਾਵਾ ਵੱਡੀ ਗਿਣਤੀ 'ਚ ਸੰਗਤਾਂ ਨੇ ਹਾਜ਼ਰੀ ਲਗਾਈ।

ਸ਼ਹਾਦਤ ਦਿਵਸ ਮੌਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ

ਭਲਾਣ (ਹਰਭਜਨ ਢਿੱਲੋਂ) ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਕੁੱਲ ਹਿੰਦ ਕਿਸਾਨ ਸਭਾ, ਜਮਹੂਰੀ ਕਿਸਾਨ ਸਭਾ ਨੇ ਨਜਦੀਕੀ ਪਿੰਡ ਸੰਗਤਪੁਰ ਵਿਖੇ ਇੱਕ ਸਮਾਗਮ ਕਰਕੇ ਸ਼ਹਾਦਤ ਦਿਵਸ ਮਨਾਇਆ। ਇਸ ਮੌਕੇ ਕੁੱਲ ਹਿੰਦ ਕਿਸਾਨ ਸਭਾ ਦੇ ਜਿਲ੍ਹਾ ਪ੍ਰਧਾਨ ਸੁਰਜੀਤ ਸਿੰਘ ਢੇਰ, ਮਹਿੰਦਰ ਸਿੰਘ ਸੰਗਤਪੁਰ, ਮਾਸਟਰ ਤਰਸੇਮ ਲਾਲ ਭਨਾਮ ਨੇ ਕਿਹਾ ਜਮਹੂਰੀਅਤ ਤੇ ਦੇਸ ਦੇ ਸੰਵਿਧਾਨ ਨੂੰ ਬਚਾਉਣਾ ਅੱਜ ਕਿਸਾਨ ਲਹਿਰ ਦਾ ਮੁਢਲਾ ਫਰਜ ਬਣ ਗਿਆ ਹੈ। ਮੋਦੀ ਸਰਕਾਰ ਜਿੱਥੇ ਦੇਸ਼ ਨੂੰ ਕਾਰਪੋਰੇਟ ਘਰਾਣਿਆਂ ਨੂੰ ਵੇਚ ਰਹੀ ਹੈ ਉੱਥੇ ਫਾਸੀਵਾਦੀ ਤਾਕਤਾਂ ਨੂੰ ਉਤਸ਼ਾਹ ਕਰ ਰਹੀ ਹੈ। ਇਸ ਮੌਕੇ ਵਿਚਾਰ ਦਿੰਦਿਆਂ ਆਗੂਆਂ ਨੇ ਕਿਹਾ ਕਿ ਮੋਦੀ ਸਰਕਾਰ ਤੋਂ ਦੇਸ਼ ਦੇ ਸੰਵਿਧਾਨ ਨੂੰ ਬਹੁਤ ਵੱਡਾ ਖਤਰਾ ਪੈਦਾ ਹੋ ਗਿਆ ਹੈ। ਕਿਸਾਨੀ ਅੱਜ ਸੜਕਾਂ 'ਤੇ ਰੁਲ ਰਹੀ ਹੈ, ਕੇਂਦਰ ਅਤੇ ਸੂਬਾ ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਕਿਸਾਨੀ ਬਰਬਾਦ ਹੋ ਰਹੀ ਹੈ। ਕਿਸਾਨਾਂ ਨਾਲ ਕੀਤੇ ਵਾਇਦੇ ਮੋਦੀ ਸਰਕਾਰ ਵੱਲੋਂ ਪੂਰੇ ਨਹੀਂ ਕੀਤੇ ਗਏ। ਅੱਜ ਸੰਵਿਧਾਨ ਨੂੰ ਬਚਾਉਣ ਲਈ ਕਿਰਤੀ ਕਿਸਾਨ ਮਜਦੂਰ ਲਾਮਬੰਦ ਹੋਣ। ਇਸ ਮੌਕੇ ਸ਼ਹੀਦਾਂ ਅਤੇ ਸ਼ਹੀਦ ਕਿਸਾਨਾਂ ਨੂੰ ਸ਼ਰਧਾਂਜਲੀ ਵੀ ਭ

ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਭੋਗਪੁਰ ਵਿਸ਼ੇਸ਼ ਸਪਲੀਮੈਂਟ

ਸੰਤ ਪਰਾਨਪਾਲ ਸਿੰਘ ਜੀ

ਸੰਦੇਸ਼

ਦਰਸ਼ਨ ਕੌਰ ਪਲਾਸੀ ਪ੍ਰਿੰਸੀਪਲ ਡੱਲਾ ਸਕੂਲ — ਸੁਖਜਿੰਦਰ ਸਿੰਘ ਚੇਅਰਮੈਨ ਐੱਸ ਸੀ ਟੀ ਬੋ — ਸੁਖਵਿੰਦਰ ਸਿੰਘ ਚੇਅਰਮੈਨ ਫੁੱਗਲਵੀ ਸਕੂਲ — ਨਵਦੀਪ ਕੌਰ ਪ੍ਰਿੰਸੀਪਲ ਐੱਸ ਸੀ ਟੀ ਬੋ — ਅਮਰੀਕ ਸਿੰਘ ਡਾਇਰੈਕਟਰ ਸੇਂਟ ਸੋਲਜਰ

ਰੋਜ਼ਾਨਾ 'ਨਵਾਂ ਜ਼ਮਾਨਾ' ਵਿੱਚ ਭੋਗਪੁਰ ਤੋਂ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਵਸ ਮੌਕੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਕੁਲਵੀਰ ਸਿੰਘ ਕਾਹਲੋਂ ਨੂੰ ਇਨਕਲਾਬੀ ਸ਼ੁੱਭਕਾਮਨਾਵਾਂ।

UNCLE ACTIVA WORLD
ਐਕਟਿਵਾ ਖਰੀਦਣ ਅਤੇ ਵੇਚਣ ਵਾਸਤੇ ਮਿਲੋ — ਇੱਥੇ ਪੁਰਾਣੇ ਮੋਟਰ ਸਾਈਕਲ ਖਰੀਦੇ ਅਤੇ ਵੇਚੇ ਜਾਂਦੇ ਹਨ
ਐਕਟਿਵਾ ਦੇ ਸਪੇਅਰ ਪਾਰਟਸ ਅਤੇ ਸਰਵਿਸ ਵੀ ਕੀਤੀ ਜਾਂਦੀ ਹੈ
ਪਤਾ ਆਦਮਪੁਰ ਰੋਡ ਨੇੜੇ, ਫੁਰਤੀ ਆਟੋਜ ਭੋਗਪੁਰ - ਮੋਬਾਇਲ 83600-11585

Wood Bury INTERNATIONAL PUBLIC SCHOOL
Bringing talent to life...
ADMISSION OPEN
ADAMPUR ROAD, BHOGPUR
T: 0181 272 3356 M: 98 789 00 121
W: www.woodburyips.com

THE LANDMARK SCHOOL
50% ADMISSION FEE DISCOUNT
DON'T MISS THE OPPORTUNITY
ONLINE ADMISSIONS ARE-OPEN
FREE ADMISSION COUNSELLING
Adampur Road, Bhogpur
info@thelandmarkedu.com
www.thelandmarkedu.com
CALL NOW +91 708 708 9356

ਸੰਦੇਸ਼

ਹਰਜੀਤ ਸਿੰਘ ਮੈਨੇਜਰ ਡੱਲਾ ਸਕੂਲ — ਵਿਦਵੰਤ ਕੌਰ ਸਲਾਜ ਸੇਵਿਕਾ — ਪ੍ਰਵੀਨ ਕੁਮਾਰੀ ਖੇਤੀਬਾੜੀ ਅਫਸਰ — ਰਜਨੀਸ਼ ਇੰਸਪੈਕਟਰ ਫੂਡ ਸਪਲਾਈ — ਹਰਵਿੰਦਰ ਸਿੰਘ ਡੱਲੀ ਰਿਟਾ. ਐੱਸ ਐੱਸ ਪੀ

ਰੋਜ਼ਾਨਾ 'ਨਵਾਂ ਜ਼ਮਾਨਾ' ਵਿੱਚ ਭੋਗਪੁਰ ਤੋਂ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਵਸ ਮੌਕੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਕੁਲਵੀਰ ਸਿੰਘ ਕਾਹਲੋਂ ਨੂੰ ਇਨਕਲਾਬੀ ਸ਼ੁੱਭਕਾਮਨਾਵਾਂ।

ਸਮਰਾਟ ਸਵੀਟ ਹਾਊਸ
ਇਲਾਕਾ ਨਿਵਾਸੀਆਂ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਸਮਰਾਟ ਸਵੀਟ ਹਾਊਸ ਦਾ ਨਵਾਂ ਸ਼ੋਅਰੂਮ ਖੁੱਲ੍ਹ ਗਿਆ ਹੈ।
ਜਿੱਥੇ ਹਰ ਤਰ੍ਹਾਂ ਦੀਆਂ ਵਧੀਆ ਕੁਆਲਟੀ ਦੀਆਂ ਮਠਿਆਈਆਂ ਪ੍ਰਚੂਨ ਅਤੇ ਥੋਕ ਰੇਟ 'ਤੇ ਖਰੀਦਣ ਲਈ ਮਿਲੋ।
ਸ. ਰਣਜੀਤ ਸਿੰਘ — ਸ. ਉਂਕਾਰ ਸਿੰਘ
ਲੁਹਾਰਾਂ-ਚਾਹੜਕੇ ਰੋਡ, ਭੋਗਪੁਰ ਮੋ. 99151-12797, 98888-89047

ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ ਭੋਗਪੁਰ
2024-25 ਦਾਖਲਾ ਸ਼ੁਰੂ
ਸੀ.ਬੀ.ਐੱਸ.ਸੀ. ਤੋਂ ਮਾਨਤਾ ਪ੍ਰਾਪਤ ਨਰਸਰੀ ਤੋਂ ਬਾਰ੍ਹਵੀਂ ਜ਼ਮਾਤ ਤੱਕ ਸਾਇੰਸ (ਮੈਡੀਕਲ ਅਤੇ ਨਾਨ ਮੈਡੀਕਲ ਕਾਮਰਸ ਤੇ ਆਰਟਸ
ਆਪਣੇ ਬੱਚਿਆਂ ਦੇ ਸੁਨਹਿਰੀ ਭਵਿੱਖ ਲਈ ਸਕੂਲ ਦੀਆਂ ਖਾਸ ਵਿਸ਼ੇਸ਼ਤਾਵਾਂ
• ਨਰਸਰੀ ਜਮਾਤ ਦੇ ਬੱਚਿਆਂ ਨੂੰ ਪਹਿਲਾਂ ਛੱਡਣ ਵਾਸਤੇ ਖਾਸ ਪ੍ਰਬੰਧ • ਬੋਰਡ ਕਲਾਸਾਂ ਦੇ ਸ਼ਾਨਦਾਰ ਨਤੀਜੇ • ਹਰ ਪ੍ਰਕਾਸ਼ ਦਾ ਡਿਸਪਲਿਨ • ਮਿਹਨਤੀ ਅਤੇ ਤਜ਼ਰਬੇਕਾਰ ਸਟਾਫ • ਖੇਡਾਂ ਦੀ ਸਹੂਲਤ • ਵਧੀਆ ਕੰਪਿਊਟਰ ਲੈਬਜ਼ ਤੇ ਸਾਇੰਸ ਲੈਬਜ਼
ਮੋਬਾਇਲ : 62831-50767
ਡਾਇਰੈਕਟਰ : ਅਮਰੀਕ ਸਿੰਘ
ਪ੍ਰਿੰਸੀਪਲ : ਚੰਦਰ ਜਯੋਤੀ

ਸ਼ਹੀਦੀ ਦਿਵਸ ਮੌਕੇ ਸਪਲੀਮੈਂਟ ਪ੍ਰਕਾਸ਼ਤ ਕਰਨ 'ਤੇ ਪੱਤਰਕਾਰ ਕੁਲਵੀਰ ਸਿੰਘ ਕਾਹਲੋਂ ਨੂੰ ਸ਼ੁੱਭਕਾਮਨਾਵਾਂ

ਸੁਨੀਲ ਕੁਮਾਰ ਜਾਖੜ ਪ੍ਰਧਾਨ ਭਾਜਪਾ — ਰਾਜੇਸ਼ ਬਾਘਾ — ਪਰਮ ਹੰਸ ਭਾਜਪਾ — ਭਾਜਪਾ ਆਗੂ — ਮਨਮੀਤ ਸਿੰਘ ਭਾਜਪਾ ਆਗੂ

ਰਣਜੀਤ ਹਸਪਤਾਲ
ਲੜੋਈ ਰੋਡ, ਭੋਗਪੁਰ, 0181-5134936
ਡਾ. ਰਣਜੀਤ ਸਿੰਘ (ਐੱਮ ਬੀ ਬੀ ਐੱਸ, ਐੱਮ ਡੀ (ਏ ਐੱਮ)
ਡਾ. ਰਵਿੰਦਰ ਸਿੰਘ (ਐੱਮ ਡੀ) ਮੈਡੀਸਨ ਪੀ ਬੀ
ਡਾ. ਪ੍ਰੇਮ ਪ੍ਰਕਾਸ਼ (ਐੱਮ ਬੀ ਬੀ ਐੱਸ, ਸਾਬਕਾ ਪੀ ਸੀ ਐੱਮ ਐੱਸ-1)
ਡਾ. ਰਮਨਦੀਪ ਕੌਰ ਬੀ ਏ ਐੱਮ ਐੱਸ
ਨਿਰਾਸ਼ ਰੋਗੀ ਮਿਲੋ
ਇੱਥੇ ਜੋੜਾਂ ਦੀਆਂ ਦਰਦਾਂ, ਰੀਹ, ਗਠੀਆ, ਸਰਵਾਈਕਲ, ਡਿਸਕ ਦਾ ਹਿੱਲ ਜਾਣਾ ਜਾਂ ਆਪਣੀ ਜਗ੍ਹਾ ਤੋਂ ਖਿਸਕ ਜਾਣਾ, ਗੰਡਿਆਂ ਦੀਆਂ ਦਰਦਾਂ ਦਾ ਇਲਾਜ, ਪੇਟ ਦਰਦ, ਗੈਸ, ਕਬਜ਼, ਕਿੱਲ, ਛਾਹੀਆਂ, ਪੀਲੀਆ, ਹੱਥਾਂ-ਪੈਰਾਂ ਦਾ ਸੌਣਾ ਜਾਂ ਸੋਜ, ਟੁੱਟੀਆਂ ਹੱਡੀਆਂ ਦਾ ਇਲਾਜ, ਛਾਤੀ ਦੀਆਂ ਬਿਮਾਰੀਆਂ ਅਤੇ ਗੁਰਦੇ ਦੀ ਪੱਥਰੀ ਦਾ ਇਲਾਜ ਤਸੱਲੀਬਖਸ਼ ਕੀਤਾ ਜਾਂਦਾ ਹੈ।
ਨੋਟ : ਗੋਡੇ ਦੀ ਦਰਦ ਇੱਕ ਘੰਟੇ ਵਿੱਚ ਖਤਮ। ਮਰੀਜ਼ ਨੂੰ ਚੈੱਕ ਕਰਨ ਦੀ ਸਲਾਹ ਲੈਣ ਦੀ ਕੋਈ ਫੀਸ ਨਹੀਂ।
ਲੈਬਾਰਟਰੀ ਦਾ ਖਾਸ ਪ੍ਰਬੰਧ ਹੈ।
ਮੋਬਾਇਲ : 77430-61459, 99147-59327, 84278-65710

ਇਲਾਕੇ ਦੀਆਂ ਮਾਣਯੋਗ ਸ਼ਖਸੀਅਤਾਂ

ਤਰਸੇਮ ਲਾਲ ਨਾਇਬ ਤਹਿਸੀਲਦਾਰ — ਅਨਿਲ ਚੋਪੜਾ ਚੇਅਰਮੈਨ ਸੇਂਟ ਸੋਲਜਰ — ਸੁਖਵਿੰਦਰ ਕੌਟਲੀ ਐੱਮ ਐੱਲ ਏ ਆਦਮਪੁਰ — ਹਰਜਿੰਦਰ ਸਿੰਘ ਲਾਇਨ ਸੰਪਾਦਕ 'ਨਵਾਂ ਜ਼ਮਾਨਾ' — ਮਹਿਰੀਨ ਕੌਰ ਕਾਹਲੋਂ

ਸ਼ਹੀਦੀ ਦਿਵਸ ਮੌਕੇ ਸਪਲੀਮੈਂਟ ਪ੍ਰਕਾਸ਼ਤ ਕਰਨ 'ਤੇ ਪੱਤਰਕਾਰ ਕੁਲਵੀਰ ਸਿੰਘ ਕਾਹਲੋਂ ਨੂੰ ਸ਼ੁੱਭਕਾਮਨਾਵਾਂ

ਸਵ. ਪ੍ਰਕਾਸ਼ ਸਿੰਘ ਬਾਦਲ ਸਾਬਕਾ ਮੁੱਖ ਮੰਤਰੀ ਪੰਜਾਬ — ਸੁਖਬੀਰ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ — ਪਵਨ ਟੀਨੂੰ ਸਾਬਕਾ ਐੱਮ ਐੱਲ ਏ — ਸਰਬਜੀਤ ਸਿੰਘ ਝਿੰਜਰ ਪ੍ਰਧਾਨ ਯੂਥ ਅਕਾਲੀ ਦਲ — ਅੰਮ੍ਰਿਤਪਾਲ ਮੌਜਰ ਸ਼੍ਰੋਮਣੀ ਅਕਾਲੀ ਦਲ

GST : 03AQWPS3796B1ZD
SAINI® CLOTH HOUSE
RAILWAY ROAD, BHOGPUR (JAL.)
PH. : 0181-2724827 M. 98151-23078
FOLLOW US ON

KHAIRA BUILDING STORE
ਭੋਗਪੁਰ ਵਾਲੇ
ਨੋਟ: ਬੇਗੋਵਾਲ ਵਿੱਚ ਸਾਡੀ ਕੋਈ ਦੁਕਾਨ ਨਹੀ ਹੈ।
ਟਾਈਲਾਂ ਹੀ ਟਾਈਲਾਂ
DEALS IN : PLYWOOD, SUNMICA, HARDWARE, MODULAR KITCHEN, CHIMNEY, HOB, WATER HEATER GEYSER, WOODEN FLOORING, WALL TILES, SANITARY WARE, PLUMBING & PVC PIPES ETC.
NIRVAIR KHAIRA
OPP. RAILWAY STATION, MILL ROAD, BHOGPUR (JALANDHAR)
M: 98141-39939, 92072-92072
Kajaria JOHNSONTILES RAK CERA Jaquar Supreme PRINCE BLOWHOT BAJAJ KAFF WUDNOX hindware Hettich

SANT PRANPAL SINGH CONVENT SCHOOL
BHOGPUR (DISTT. JALANDHAR)
7 ACRE CAMPUS
STATE OF THE ART INFRASTRUCTURE WITH LATEST FACILITIES
FULLY AIR CONDITIONED SCHOOL
ADMISSIONS OPEN 2024-25
Pre-Nursery to VII (CBSE Pattern)
"Where Learning is Passion"
THE RIGHT SCHOOL FOR YOUR KIDS
98764-55586

ਅਕਾਲ ਅੱਖਾਂ ਦਾ ਹਸਪਤਾਲ
ਅੱਖਾਂ ਦੇ ਹਰ ਤਰ੍ਹਾਂ ਦੇ ਅੰਤਰਰਾਸ਼ਟਰੀ ਪੱਧਰ ਦੇ ਅਪ੍ਰੇਸ਼ਨ ਲਈ ਸੰਪਰਕ ਕਰੋ
ਫੈਕੋ ਮਸ਼ੀਨ ਨਾਲ ਬਿਨਾ ਦਾਖਲ, ਬਿਨਾ ਟੀਕਾ, ਟਾਂਕਾ, ਪੱਟੀ ਅਪ੍ਰੇਸ਼ਨ ਤੇ ਵਿਸ਼ੇਸ਼ ਛੋਟ
ਉਪਲੱਬਧ ਸੇਵਾਵਾਂ
* ਮੋਤੀਆ ਬਿੰਦ * ਅੱਖਾਂ ਦੀ ਸੱਟ
* ਬਨਾਵਟੀ ਅੱਖਾਂ * ਅੱਖਾਂ ਦੀ ਐਲਰਜ਼ੀ, ਪਾਣੀ ਦੀ ਕਮੀ
* ਕਾਲਾ ਮੋਤੀਆ * ਕੰਪਿਊਟਰ ਵਿਜਨ ਕੋਰਨਿਆਂ ਸਿਰ ਦਰਦ
* ਅੱਖਾਂ ਦੇ ਪਰਦੇ ਦੇ ਰੋਗ
* ਲੇਸਿਕ ਲੇਜਰ-ਐਨਕਾਂ ਤੋਂ ਛੁਟਕਾਰਾ
* ਭੈਗਾਪਨ ਅਤੇ ਬੱਚਿਆਂ ਦੀਆਂ ਅੱਖਾਂ ਦੇ ਰੋਗ
* ਪਰਦੇ ਤੇ ਸ਼ੂਗਰ ਦਾ ਅਸਰ
* ਕਾਲੇ ਘੇਰੇ ਅਤੇ ਝੁਰੜੀਆਂ
ਚਿੱਟੇ ਮੋਤੀਏ ਦਾ ਅਪ੍ਰੇਸ਼ਨ 6500 ਰੁਪਏ ਤੋਂ ਸ਼ੁਰੂ
Dr. Ranbir Singh
ਮੋਬਾਇਲ - 98146-05606, 0181-2725606
ਨਜ਼ਦੀਕ ਜੌਹਲ ਹਸਪਤਾਲ, ਦਾਣਾ ਮੰਡੀ, ਜੀ.ਟੀ. ਰੋਡ, ਭੋਗਪੁਰ

Greenply PLYWOOD
INTERNAT PLYWOOD & BLOCKBOARD
ਕੁੰਦਨ ਸਿੰਘ ਰਹਿਸੀ ਪ੍ਰਧਾਨ ਬਾਬਾ ਵਿਸ਼ਵਕਰਮਾ ਕਮੇਟੀ, ਭੋਗਪੁਰ

ਸ਼ਹੀਦੀ ਦਿਵਸ ਮੌਕੇ ਸਪਲੀਮੈਂਟ ਪ੍ਰਕਾਸ਼ਤ ਕਰਨ 'ਤੇ ਪੱਤਰਕਾਰ ਕੁਲਵੀਰ ਸਿੰਘ ਕਾਹਲੋਂ ਨੂੰ ਸ਼ੁੱਭਕਾਮਨਾਵਾਂ
VISHVKARMAA TRADING COMPANY
MANAKRAI WALE, ADAMPUR ROAD, BHOGPUR
ਇੱਥੇ ਹਰ ਪ੍ਰਕਾਰ ਦਾ ਸਨਮਾਈਕਾ, ਬੋਰਡ ਪਲਾਈ, ਮਾਡਰਨ ਕਿਚਨ ਅਸੈਸਰੀ, ਸ਼ੀਸ਼ਾ, ਹਾਰਡਵੇਅਰ, ਚਿਮਨੀਆਂ, ਚੁੱਲ੍ਹੇ ਆਦਿ ਸਾਮਾਨ ਮਿਲਦਾ ਹੈ।
M. 98720-32361, 95011-68441
ਜਸਦੀਪ ਸਿੰਘ (ਜੱਸੀ)

ਗੁਰੂ ਨਾਨਕ ਮਿਸ਼ਨ ਪਬਲਿਕ ਸਕੂਲ
ਡੱਲਾ, ਜ਼ਿਲ੍ਹਾ ਜਲੰਧਰ (ਪੰਜਾਬ)
ਸੀ.ਬੀ.ਐੱਸ.ਈ. ਤੋਂ ਮਾਨਤਾ ਪ੍ਰਾਪਤ-1630450 1994 ਤੋਂ ਆਪਣੀਆਂ ਸੇਵਾਵਾਂ ਪ੍ਰਦਾਨ ਕਰ ਰਿਹਾ ਹੈ।
ਗੁਰੂ ਨਾਨਕ ਮਿਸ਼ਨ ਹਸਪਤਾਲ ਅਤੇ ਐਜੂਕੇਸ਼ਨ ਟਰੱਸਟ ਦਾ ਹਿੱਸਾ
12 ਵੀਂ ਜਮਾਤ ਤੱਕ ਕੋ-ਐਜੂਕੇਸ਼ਨ
ਨਾਨ-ਮੈਡੀਕਲ, ਕਾਮਰਸ ਅਤੇ ਆਰਟਸ
ਦਾਖਲਾ ਸ਼ੁਰੂ
ਆਪਣੇ ਬੱਚਿਆਂ ਦੇ ਸੁਪਨੇ ਸਾਕਾਰ ਕਰੋ
- ਵਿਸ਼ੇਸ਼ਤਾਵਾਂ :-
* ਤਜ਼ਰਬੇਕਾਰ ਸਟਾਫ਼
* ਟੈਕਨਾਲੌਜੀ ਨਾਲ ਭਰਪੂਰ ਲੈਬਜ਼
* ਵਧੀਆਂ ਅਤੇ ਸ਼ਾਂਤ ਮਾਹੌਲ
* ਬੱਸਾਂ ਦੀ ਸੁਹਲਤ
* 400 ਮੀਟਰ ਦਾ ਟਰੈਕ, ਫੁੱਟਬਾਲ, ਵਾਲੀਬਾਲ,
* ਹੈਂਡਬਾਲ, ਖੋ-ਖੋ ਆਦਿ ਦੀਆਂ ਗਰਾਊਂਡਾਂ
ਨਰਸਰੀ ਤੋਂ ਪੰਜਵੀ ਜਮਾਤ ਤੱਕ ਦਾਖਲਾ ਖੁੱਲਾ ਹੈ
ਨਰਸਰੀ ਉਮਰ 3 ਸਾਲ — ਐਲ.ਕੇ.ਜੀ. ਉਮਰ 4 ਸਾਲ — ਯੂ.ਕੇ.ਜੀ. ਉਮਰ 5 ਸਾਲ
ਦਾਖਲਾ ਟੈਸਟ ਮਿਤੀ 9 ਮਾਰਚ 2024 ਤੋਂ ਸਮਾਂ :- 1.00 ਵਜੇ (ਸੀਮਤ ਸੀਟਾਂ)
ਨੋਟ : +1 ਨਾਨ-ਮੈਡੀਕਲ, ਕਾਮਰਸ, ਆਰਟਸ ਲਈ ਦਾਖਲਾ ਟੈਸਟ ਮਿਤੀ 16-04-2024 ਅਤੇ ਮਿਤੀ 23-04-2024 ਸਮਾਂ 1:00 ਵਜੇ
Principal Office Contact No. 95308-13048, 73472-43048

SGTB PUBLIC SCHOOL
AFFILIATED TO C.B.S.C NO.1630903
PRE NURSERY TO 10+2 ALL STREAMS
MEDICAL , NON- MEDICAL , HUMANITIES & COMMERCE
ADMISSION OPEN 2024
SALIENT FEATURES
• Lush Green Pollution Free environment
• Fully furnished, Spacious And Well Lighted Classrooms
• Frequent Parent Teacher Interaction.
• Sports Facilities Are Available
• Personality Development Classes
• Conceptual And Organized Learning
• Teacher Student Ration 1:20
• Maintains well equipped laboratories viz. Physics Lab, Chemistry Lab, Biology Lab,Mathematics Lab, Language Lab.
MORE INFORMATION
88725-27200, 300, 400
Near Railway Fatak , Old Bus Stand Sanaura, Bhogpur
www.sgtb.in